


**ISSN Print:** 2394-7500
**ISSN Online:** 2394-5869
**Impact Factor:** 5.2
IJAR 2015; 1(13): 362-366
www.allresearchjournal.com
Received: 15-10-2015
Accepted: 17-11-2015

**ਡਾ. ਸੁਖਜੀਤ ਸਿੰਘ**
ਸਹਾਇਕ ਪ੍ਰੋਫੈਸਰ
ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ।

**Correspondence**
**ਡਾ. ਸੁਖਜੀਤ ਸਿੰਘ**
ਸਹਾਇਕ ਪ੍ਰੋਫੈਸਰ
ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ।

# ਆਜ਼ਾਦ ਹਿੰਦ ਫੌਜ : ਇੱਕ ਖੁਦਮੁਖ਼ਤਾਰ ਫੌਜ ਵਜੋਂ

**ਡਾ. ਸੁਖਜੀਤ ਸਿੰਘ**

## Introduction

ਭਾਰਤ ਨੇ ਬਰਤਾਨਵੀ ਹਕੂਮਤ ਤੋਂ ਆਜ਼ਾਦੀ ਪ੍ਰਾਪਤ ਕਰਨ ਲਈ ਲੰਮਾ ਸਮਾਂ ਸੰਘਰਸ਼ ਕੀਤਾ। ਇਸ ਸੰਘਰਸ਼ ਵਿੱਚ ਪੰਜਾਬ ਤੇ ਪੰਜਾਬੀਆਂ ਨੇ ਅਹਿਮ ਰੋਲ ਅਦਾ ਕੀਤਾ। ਸਮੇਂ-ਸਮੇਂ ਪੰਜਾਬ ਦੇ ਅੰਦਰ ਤੇ ਪੰਜਾਬ ਦੇ ਬਾਹਰ ਬਹੁਤ ਸਾਰੀਆਂ ਲਹਿਰਾਂ ਪੈਦਾ ਹੋਈਆਂ ਜਿੰਨਾਂ ਦਾ ਮੁੱਖ ਧੁਰਾ ਨਿਧੜਕ ਤੇ ਦੇਸ਼ ਪ੍ਰੇਮ ਨਾਲ ਪਰੁੰਨੇ ਹੋਏ ਪੰਜਾਬੀ ਸਨ। ਦੇਸ਼ ਦੇ ਅੰਦਰੋਂ ਜਿਥੇ ਕੂਕਾ ਲਹਿਰ, ਅਕਾਲੀ ਮੋਰਚੇ, ਬੱਬਰ ਅਕਾਲੀ ਲਹਿਰ ਤੇ ਕ੍ਰਾਂਤੀਕਾਰੀ ਸੰਘਰਸ਼ ਦਾ ਅਹਿਮ ਯੋਗਦਾਨ ਰਿਹਾ, ਉਥੇ ਹੀ ਦੇਸ਼ ਦੇ ਬਾਹਰੋਂ ਆਜ਼ਾਦ ਹਿੰਦ ਫੌਜ ਨੇ ਬਹੁਤ ਅਹਿਮ ਰੋਲ ਅਦਾ ਕੀਤਾ। ਜੇ ਆਜ਼ਾਦ ਹਿੰਦ ਫੌਜ ਨੂੰ ਭਾਰਤੀ ਆਜਾਦੀ ਦੇ ਸੰਘਰਸ਼ ਦੀ ਆਖ਼ਿਰੀ ਲੜਾਈ ਕਹਿ ਦਿੱਤਾ ਜਾਵੇ ਤਾਂ ਇਹ ਗਲਤ ਨਹੀਂ ਹੋਵੇਗਾ। ਇਹ ਲੜਾਈ ਉਹਨਾਂ ਫੌਜੀਆਂ ਦੁਆਰਾ ਲੜੀ ਗਈ ਜਿੰਨਾਂ ਨੇ ਆਪਣੀ ਪੂਰੀ ਜ਼ਿੰਦਗੀ ਬਰਤਾਨਵੀ ਹਕੂਮਤ ਲਈ ਲੜਦਿਆਂ ਗੁਜਾਰੀ ਸੀ। ਉਹ ਹਮੇਸ਼ਾ ਬਰਤਾਨਵੀ ਹਕੂਮਤ ਦੇ ਵਫਾਦਾਰ ਰਹੇ ਅਤੇ ਉਹਨਾਂ ਨੇ ਕਿੰਨੀਆਂ ਲੜਾਈਆਂ ਬਰਤਾਨਵੀ ਹਕੂਮਤ ਲਈ ਜਿੱਤੀਆਂ ਪਰ ਹੌਲੀ-ਹੌਲੀ ਉਹ ਰਾਜਨੀਤਕ ਤੌਰ ਤੇ ਆਪਣੀ ਗੁਲਾਮੀ ਪ੍ਰਤੀ ਚੇਤੰਨ ਹੋਏ। ਸਾਰੀ ਉਮਰ ਬਰਤਾਨਵੀ ਹਕੂਮਤ ਦੀ ਵਫਾਦਾਰੀ ਕਰਨ ਉਪਰੰਤ ਵੀ ਉਹ ਗੁਲਾਮੀ ਦੀ ਦਲਦਲ ਵਿੱਚੋਂ ਨਾ ਨਿਕਲ ਸਕੇ ਤੇ ਜਦ ਉਹਨਾਂ ਦੇ ਸਬਰ ਦਾ ਬੰਨ ਟੁਟਿਆ ਤਾਂ ਉਹਨਾਂ ਨੇ ਸੰਗਠਿਤ ਹੋ ਕੇ ਅੰਗਰੇਜ਼ਾਂ ਖ਼ਿਲਾਫ ਹਥਿਆਰ ਚੁੱਕ ਲਏ। ਚਾਹੇ ਆਜ਼ਾਦ ਹਿੰਦ ਫੌਜ ਆਪਣੀ ਯੋਜਨਾ ਮੁਤਾਬਿਕ ਦੇਸ਼ ਨੂੰ ਆਜ਼ਾਦ ਨਾ ਕਰਵਾ ਸਕੀ ਪਰ ਇਸ ਫੌਜ ਦੇ ਦੇਸ਼ ਦੀ ਆਜ਼ਾਦੀ ਲਈ ਪਾਏ ਯੋਗਦਾਨ ਨੇ ਭਾਰਤੀ ਆਜ਼ਾਦੀ ਦੇ ਸਮੇਂ ਨੂੰ ਹੋਰ ਨੇੜੇ ਲੈ ਆਂਦਾ। ਆਜ਼ਾਦ ਹਿੰਦ ਫੌਜ ਆਪਣੇ ਆਪ ਵਿੱਚ ਸੰਪੰਨ, ਸੰਗਠਿਤ, ਸਿਖਿਅਤ ਅਤੇ ਸ਼ਕਤੀਸ਼ਾਲੀ ਫੌਜ ਸੀ ਜਿਸਨੂੰ, ਜਿਹੜੇ ਵੀ ਮੋਰਚੇ ਤੇ ਭੇਜਿਆ ਗਿਆ ਉਸਨੇ ਜਿੱਤ ਹਾਸਿਲ ਕੀਤੀ ਪਰ ਅੰਤਰਰਾਸ਼ਟਰੀ ਹਾਲਾਤ ਫੌਜ ਦੇ ਵੱਲ ਨਹੀਂ ਸਨ। ਅੰਗਰੇਜ਼ਾਂ ਦੀ ਹਰ ਪਾਸੇ ਜਿੱਤ ਹੋਈ। ਜਾਪਾਨ ਦੇ ਦੋ ਸ਼ਹਿਰਾਂ ਹੀਰੋਸ਼ੀਮਾਂ ਅਤੇ ਨਾਗਾਸਾਕੀ ਤੇ ਬੰਬ ਸੁੱਟ ਕੇ ਉਹਨਾਂ ਨੂੰ ਤਬਾਹ ਕਰ ਦਿੱਤਾ ਗਿਆ। ਜਿਸਦੀ ਬਦੌਲਤ ਆਜ਼ਾਦ ਹਿੰਦ ਫੌਜ ਨੂੰ ਵੀ ਹਥਿਆਰ ਸੁਟਣੇ ਪਏ।

ਆਜ਼ਾਦ ਹਿੰਦ ਫੌਜ ਦੀ ਬੁਨਿਆਦ ਵਿੱਚ ਬਰਤਾਨੀਆਂ ਦੀ ਫੌਜ ਵਿਚਲੇ ਪੰਜਾਬੀ ਫੌਜੀਆਂ ਅੰਦਰ ਪਨਪ ਰਹੀ ਗੁੱਸੇ ਦੀ ਭਾਵਨਾ ਦਾ ਅਹਿਮ ਰੋਲ ਸੀ। ਇਸਦੇ ਨਾਲ ਹੀ ਅੰਤਰਰਾਸ਼ਟਰੀ ਪ੍ਰਸਥਿਤੀਆਂ ਵੀ ਅਜਿਹੀਆਂ ਸਨ ਕਿ ਪੰਜਾਬੀ ਫੌਜੀਆਂ ਦਾ ਰੋਹ ਦਿਨ-ਬ-ਦਿਨ ਵਧਦਾ ਹੀ ਗਿਆ। ਸੰਨ 1939 ਵਿੱਚ ਦੂਸਰਾ ਵਿਸ਼ਵ ਯੁੱਧ ਸ਼ੁਰੂ ਹੋ ਚੁੱਕਾ ਸੀ। ਯੂਰਪ ਪੂਰੀ ਤਰਾਂ ਯੁੱਧ ਵਿੱਚ ਲਿਪਟਿਆ ਹੋਇਆ ਸੀ ਤੇ ਏਸ਼ੀਆ ਦੂਜੇ ਵਿਸ਼ਵ ਯੁੱਧ ਦੀ ਗ੍ਰਿਫਤ ਵੱਲ ਵਧ ਰਿਹਾ ਸੀ। ਜਰਮਨ ਅਤੇ ਜਾਪਾਨ ਦੀਆਂ ਫੌਜਾਂ ਹਰ ਤਰਫ ਜਿੱਤ ਪ੍ਰਾਪਤ ਕਰ ਰਹੀਆਂ ਸਨ। ਇਸ ਸਮੇਂ ਮਲਾਇਆ ਵਿੱਚ ਜਿਤਰਾ ਛਾਉਣੀ ਵਿੱਚ ਪੰਜਾਬ ਰਜਮੈਂਟ ਦੇ ਫੌਜੀਆਂ ਨੇ ਕਮਾਨ ਸੰਭਾਲੀ ਹੋਈ ਸੀ। ਇਸੇ ਸਮੇਂ ਜਾਪਾਨੀਆਂ ਨੇ ਇਥੇ ਹਮਲਾ ਕਰ ਦਿੱਤਾ। ''ਜਾਪਾਨੀ ਫੌਜ ਨੇ ਮਲਾਇਆ ਉਤੇ ਦੋ ਪਾਸਿਆਂ ਤੋਂ ਹਮਲਾ ਕੀਤਾ। ਇੱਕ ਪਾਸੇ ਉਹਨਾਂ ਨੇ ਥਾਈ ਮਲਾਈ ਸਰਹੱਦ ਉਤੇ ਸ਼ਿਗੋਰਾ ਦੇ ਮੁਕਾਮ ਉਤੇ ਲੈਂਡ ਕੀਤਾ।''[1] ਅਤੇ ''ਦੂਜੇ ਪਾਸੇ ਉਹਨਾਂ ਕੋਟਾ ਬਾਹਰੂ ਉਤੇ ਹਮਲਾ ਕੀਤਾ। ਇਸ ਇਲਾਕੇ ਵਿੱਚ ਗਿਆਰਵੇਂ ਡਵੀਜਨ ਦੀ ਪਲਟਨ 1-14 ਪੰਜਾਬ ਰਜਮੈਂਟ ਨੇ ਜਿਤਰਾ ਦੇ ਅੱਗੇ ਪੋਜੀਸ਼ਨ ਸੰਭਾਲੀ ਹੋਈ ਸੀ।''[2]

ਜਦ ਜਾਪਾਨੀ ਫੌਜੀਆਂ ਤੇ ਭਾਰਤੀ ਫੌਜ ਦੇ ਦਰਮਿਆਨ ਯੁੱਧ ਛਿੜਿਆ ਤਾਂ ਅੰਗਰੇਜੀ ਫੌਜੀ ਥੋੜੇ ਸਮੇਂ ਵਿੱਚ ਹੀ ਮੈਦਾਨ ਛੱਡ ਕੇ ਭੱਜ ਗਏ। ਇਸ ਪਲਟਣ ਦੇ ਕਮਾਂਡਰ ਕੈਪਟਨ ਮੋਹਨ ਸਿੰਘ ਸਨ। ਉਹਨਾਂ ਨੇ ਪ੍ਰਤੀਤ ਕੀਤਾ ਕਿ ਜੇ ਲੜਨਾ ਹੀ ਹੈ ਤਾਂ ਕਿਉਂ ਨਾ ਆਪਣੇ ਦੇਸ਼ ਲਈ ਲੜਿਆ ਜਾਵੇ। ਉਹਨਾਂ ਨੇ ਜਾਪਾਨੀ ਅਫਸਰਾਂ ਨਾਲ ਸੰਬੰਧ ਸਥਾਪਿਤ ਕੀਤੇ ਤੇ ਉਹਨਾਂ ਅੱਗੇ ਆਪਣੀ ਤਜਵੀਜ਼ ਰੱਖੀ। ਬਹੁਤ ਸਾਰੇ ਫੌਜੀਆਂ ਨੇ ਕੈਪਟਨ ਮੋਹਨ ਸਿੰਘ ਦਾ ਸਾਥ ਦਿੱਤਾ। ''ਇੱਕ ਲੰਮੀ ਵਿਚਾਰ ਚਰਚਾ ਤੋਂ ਪਿੱਛੋਂ, ਜਿਸ ਵਿੱਚ ਕਿ ਮੇਜਰ ਫਿਊਜੀਵਾਰਾ ਵੀ ਸ਼ਾਮਿਲ ਸੀ, ਕੈਪਟਨ ਮੋਹਨ ਸਿੰਘ, ਇੰਡੀਅਨ ਇੰਡੀਪੈਂਡਸ ਮੂਵਮੈਂਟ ਜਾਂ ਆਜ਼ਾਦ ਹਿੰਦ ਲਹਿਰ ਵਿੱਚ ਸ਼ਾਮਿਲ ਹੋਣ ਅਤੇ ਅੰਗਰੇਜ਼ਾਂ ਦੇ ਵਿਰੁੱਧ ਲੜਨ ਲਈ ਰਾਜ਼ੀ ਹੋ ਗਿਆ।''[3] ਇਸੇ ਤਹਿਤ ਆਪਦੀ ਜਾਪਾਨੀ ਅਫਸਰਾਂ ਨਾਲ ਲੰਮੀ ਵਿਚਾਰ ਚਰਚਾ ਹੋਈ ਅਤੇ ਆਪ ਨੇ ਭਾਰਤੀ ਸਿਪਾਹੀਆਂ ਨੂੰ ਆਪਣੇ ਨਾਲ ਜੋੜਨਾ ਸ਼ੁਰੂ ਕਰ ਦਿੱਤਾ। ਕੈਪਟਨ ਮੋਹਨ ਸਿੰਘ ਨੇ ਰਾਸ ਬਿਹਾਰੀ ਬੋਸ, ਜੋ ਬਹੁਤ ਲੰਮੇ ਸਮੇਂ ਤੋਂ ਜਾਪਾਨ ਵਿੱਚ ਰਹਿ ਰਹੇ ਸਨ, ਰਾਹੀਂ ਜਾਪਾਨੀਆਂ ਤੋਂ ਆਜ਼ਾਦ ਹਿੰਦ ਫੌਜ ਦੀ ਮਦਦ ਦਾ ਵਾਇਦਾ ਲੈ ਲਿਆ। ਇਸ ਫੌਜ ਦੇ ਗਠਨ ਲਈ ਇਹ ਤੱਤ ਅਹਿਮ ਸੀ ਕਿ ਜਾਪਾਨੀਆਂ ਅਤੇ ਭਾਰਤੀ ਫੌਜੀਆਂ ਵਿੱਚ ਵਿਸ਼ਵਾਸ ਦੀ ਭਾਵਨਾ ਪੈਦਾ ਹੋਵੇ ਅਤੇ ਜਨਰਲ ਮੋਹਨ ਸਿੰਘ ਇਹ ਨਿਸ਼ਚਤ ਕਰਨਾ ਚਾਹੁੰਦੇ ਸਨ ਕਿ ਜਾਪਾਨੀ ਫੌਜ ਭਾਰਤੀਆਂ ਦੀ ਅੰਗਰੇਜ਼ਾਂ ਵਿਰੁੱਧ ਲੜਾਈ ਵਿੱਚ ਉਹਨਾਂ ਦੀ ਕੀ ਮਦਦ ਕਰੇਗੀ।

ਉਹ ਆਜ਼ਾਦ ਹਿੰਦ ਫੌਜ ਨੂੰ ਇੱਕ ਖੁਦਮੁਖ਼ਤਾਰ ਫੌਜ ਦੇ ਰੂਪ ਵਿੱਚ ਸਥਾਪਿਤ ਕਰਨਾ ਚਾਹੁੰਦੇ ਸਨ ਤਾਂ ਜੋ ਆਜ਼ਾਦ ਹਿੰਦ ਫੌਜ ਦੇ ਸਾਰੇ ਫੈਸਲੇ ਉਹਨਾਂ ਦੇ ਹੱਥ ਵਿੱਚ ਹੋਣ ਨਾ ਕਿ ਜਾਪਾਨੀਆਂ ਦੇ ਹੱਥ ਵਿੱਚ। ਇਹਨਾਂ ਸਾਰੇ ਮਸਲਿਆਂ ਤੇ ਵਿਚਾਰ ਕਰਨ ਲਈ ਇੱਕ ਕਾਨਫਰੰਸ ਟੋਕੀਓ ਰੱਖੀ ਗਈ, ਜਿਸ ਵਿੱਚ ਇਸ ਫੌਜ ਦੀ ਰੂਪ ਰੇਖਾ ਤਿਆਰ ਹੋਣੀ ਸੀ। ''ਇਸ ਕਾਨਫਰੰਸ ਉਤੇ ਇੱਕ ਦੁਰਘਟਨਾ ਦਾ ਪ੍ਰਛਾਵਾਂ ਪੈ ਗਿਆ। ਉਹ ਹਵਾਈ ਜਹਾਜ ਤਬਾਹ ਹੋ ਗਿਆ ਜਿਸ ਵਿੱਚ ਸਵਾਰ ਚਾਰ ਵੱਡੇ ਡੈਲੀਗੇਟ ਕਾਨਫਰੰਸ ਵਿੱਚ ਸ਼ਾਮਿਲ ਹੋਣ ਲਈ ਜਾ ਰਹੇ ਸਨ। ਇਸ ਜਹਾਜ ਤੇ ਸਵਾਰ ਸਨ ਸੁਆਮੀ ਸੱਤਿਆਨੰਦ ਪੁਰੀ, ਗਿਆਨੀ ਪ੍ਰੀਤਮ ਸਿੰਘ, ਕੈਪਟਨ ਮੋਹਨ ਸਿੰਘ ਦਾ ਸੱਜਾ ਹੱਥ ਕੈਪਟਨ ਮੁਹੰਮਦ ਅਕਰਮ ਅਤੇ ਰਾਘਵਨ ਦਾ ਭਰੋਸੇ ਦਾ ਸਾਥੀ ਨੀਲਕੰਠ ਆਇਰ। ਇਹ 13 ਮਾਰਚ 1942 ਨੂੰ ਸਾਇਗਾਓ ਤੋਂ ਹਵਾਈ ਜਹਾਜ ਵਿੱਚ ਸਵਾਰ ਹੋਏ ਸਨ ਤੇ ਫਿਰ ਉਹਨਾਂ ਦੀ ਕੋਈ ਉਘ-ਸੁੱਘ ਨਾ ਨਿਕਲੀ।''[4] ਆਜ਼ਾਦ ਹਿੰਦ ਫੌਜ ਦੇ ਗਠਨ ਤੋਂ ਪਹਿਲਾਂ ਹੀ ਇਹ ਫੌਜ ਨੂੰ ਲੱਗਣ ਵਾਲਾ ਬਹੁਤ ਵੱਡਾ ਝਟਕਾ ਸੀ ਕਿਉਂਕਿ ਇਸ ਜਹਾਜ ਵਿੱਚ ਉਹਨਾਂ ਨੇਤਾਵਾਂ ਦੀ ਮੌਤ ਹੋਈ ਸੀ ਜਿੰਨਾਂ ਦੇ ਦਿਮਾਗ ਵਿੱਚ ਆਜ਼ਾਦ ਹਿੰਦ ਫੌਜ ਦੀ ਬੁਣਤੀ ਬੁਣੀ ਹੋਈ ਸੀ। ਇਹ ਲੋਕ ਗ਼ਦਰ ਲਹਿਰ ਦੇ ਬਾਸ਼ਿੰਦੇ ਸਨ ਜਿੰਨਾਂ ਨੇ ਗ਼ਦਰ ਦੇ ਫੇਲ ਹੋ ਜਾਣ ਕਾਰਣ ਲੰਮੀਆਂ ਸਜਾਵਾਂ ਭੁਗਤੀਆਂ ਸਨ ਪਰ ਜੇਲ੍ਹਾਂ ਵਿੱਚ ਬੈਠੇ ਵੀ ਉਹ ਭਾਰਤ ਦੀ ਆਜ਼ਾਦੀ ਦੇ ਸੁਪਨੇ ਵੇਖਦੇ ਰਹੇ। ਇਹਨਾਂ ਨੇਤਾਵਾਂ ਦੇ ਜਾਪਾਨੀ ਫੌਜ ਦੇ ਅਫਸਰਾਂ ਨਾਲ ਗੂੜੇ ਸੰਬੰਧ ਸਨ ਤੇ ਇਸ ਵਜਹ ਕਾਰਣ ਇਹ ਜਾਪਾਨੀ ਫੌਜ ਤੋਂ ਆਜ਼ਾਦ ਹਿੰਦ ਫੌਜ ਲਈ ਬਹੁਤ ਸਹਾਇਤਾ ਲੈ ਸਕਦੇ ਸਨ। ਇਹਨਾਂ ਨੇਤਾਵਾਂ ਨੇ ਜਾਪਾਨੀ ਅਫਸਰਾਂ ਨਾਲ ਬਹੁਤ ਸਾਰੇ ਕਰਾਰ ਕੀਤੇ ਹੋਏ ਸਨ ਤੇ ਇਹਨਾਂ ਦੀ ਮੌਤ ਨਾਲ ਜੋ ਸਮਝੌਤੇ ਜਾਪਾਨੀ ਅਫਸਰਾਂ ਤੇ ਇਹਨਾਂ ਨੇਤਾਵਾਂ ਵਿੱਚ ਹੋਏ ਸਨ, ਉਹ ਵੀ ਖ਼ਤਮ ਹੋ ਗਏ। ਇਸ ਹਾਦਸੇ ਨੇ ਆਜ਼ਾਦ ਹਿੰਦ ਫੌਜ ਦੀ ਨੀਂਹ ਨੂੰ ਕਮਜ਼ੋਰ ਕਰਕੇ ਰੱਖ ਦਿੱਤਾ ਸੀ।

ਜਾਪਾਨੀਆਂ ਨਾਲ ਦੁਬਾਰਾ ਆਜ਼ਾਦ ਹਿੰਦ ਫੌਜ ਦੇ ਗਠਨ ਦੀ ਗੱਲਬਾਤ ਨੇਪਰੇ ਚਾੜਨ ਵਿੱਚ ਬਹੁਤ ਵੱਡਾ ਯੋਗਦਾਨ ਰਾਸ ਬਿਹਾਰੀ ਬੋਸ ਦਾ ਰਿਹਾ। ਰਾਸ ਬਿਹਾਰੀ ਬੋਸ ਪੁਰਾਣਾ ਆਜ਼ਾਦੀ ਘੁਲਾਟੀਆ ਸੀ। ਉਹਨਾਂ ਦੇ ਜਾਪਾਨੀਆਂ ਨਾਲ ਸੰਬੰਧ ਬਹੁਤ ਸੁਖਾਵੇਂ ਸਨ ਅਤੇ ਉਹਨਾਂ ਦੀਆਂ ਕੋਸ਼ਿਸ਼ਾਂ ਸਦਕਾ ਜਾਪਾਨੀਆਂ ਤੇ ਕੈਪਟਨ ਮੋਹਨ ਸਿੰਘ ਵਿਚਕਾਰ ਗੱਲਬਾਤ ਸਫਲ ਹੋ ਗਈ। ਇਸ ਗੱਲਬਾਤ ਵਿੱਚ ਆਪਣੀ ਤਾਕਤ ਵਧਾਉਣ ਤੇ ਵਿਚਾਰ ਹੋਇਆ ਅਤੇ ਇਹ ਫੈਸਲਾ ਲਿਆ ਗਿਆ ਕਿ ਦੱਖਣੀ ਪੂਰਬੀ ਏਸ਼ੀਆ ਦੇ ਸਾਰੇ ਗੁਲਾਮ ਦੇਸ਼ਾਂ ਵਿੱਚ ਰਹਿ ਰਹੇ ਹਿੰਦੁਸਤਾਨੀਆਂ ਨੂੰ ਇਕੱਤਰ ਕੀਤਾ ਜਾਵੇ। ਕੈਪਟਨ ਮੋਹਨ ਸਿੰਘ, ਬਰਤਾਨਵੀ ਹਕੂਮਤ ਦੀ ਫੌਜ ਵਿੱਚ ਕੰਮ ਕਰ ਰਹੇ ਭਾਰਤੀ ਫੌਜੀਆਂ ਦੀ ਮਾਨਸਿਕਤਾ ਤੋਂ ਭਲੀ ਭਾਂਤ ਵਾਕਿਫ ਸਨ ਤੇ ਉਹਨਾਂ ਸਭ ਨੂੰ ਸੰਗਠਿਤ ਕਰਨਾ ਬਹੁਤ ਜਰੂਰੀ ਸੀ। ਇਸ ਨਾਲ ਜਿਥੇ ਆਜ਼ਾਦ ਹਿੰਦ ਫੌਜ ਨੇ ਇੱਕ ਸ਼ਕਤੀਸ਼ਾਲੀ ਫੌਜ ਦੇ ਤੌਰ ਤੇ ਕਾਇਮ ਹੋਣਾ ਸੀ, ਉਥੇ ਹੀ ਅੰਗਰੇਜ਼ੀ ਫੌਜ ਦੀ ਤਾਕਤ ਨੇ ਵੀ ਘਟਣਾ ਸੀ ਕਿਉਂਕਿ ਅੰਗਰੇਜ਼ੀ ਫੌਜ ਵਿੱਚ ਬਹੁਤ ਵੱਡਾ ਹਿੱਸਾ ਭਾਰਤੀ ਫੌਜੀਆਂ ਦਾ ਸੀ। ''ਜਾਪਾਨ, ਮਲਾਇਆ, ਥਾਈਲੈਂਡ, ਫਿਲਪਾਈਨਜ਼, ਇੰਡੋਨੇਸ਼ੀਆ ਤੇ ਬਰਮਾ ਦੇ ਹਿੰਦੁਸਤਾਨੀਆਂ ਦਾ ਇੱਕ ਇੱਕਠ ਜੂਨ 1942 ਈ. ਵਿੱਚ ਬੈਂਕਾਕ ਵਿੱਚ ਹੋਇਆ।''[5] ਇਥੇ ਹੀ ਆਜ਼ਾਦ ਹਿੰਦ ਫੌਜ ਦੀ ਕਾਰਵਾਈ ਦੀ ਰੂਪ ਰੇਖਾ ਤਿਆਰ ਕੀਤੀ ਗਈ। ਇਸ ਐਕਸ਼ਨ ਕਮੇਟੀ ਦਾ ਪ੍ਰਧਾਨ ਰਾਸ ਬਿਹਾਰੀ ਬੋਸ ਨੂੰ ਚੁਣਿਆ ਗਿਆ ਅਤੇ ਮੋਹਨ ਸਿੰਘ ਨੂੰ ਜਨਰਲ ਦਾ ਦਰਜਾ ਦਿੱਤਾ ਗਿਆ ਅਤੇ ਦੇਸ਼ ਦੀ ਆਜ਼ਾਦੀ ਲਈ ਸੰਘਰਸ਼ ਦੀ ਤਿਆਰੀ ਸ਼ੁਰੂ ਕਰ ਦਿੱਤੀ ਗਈ।

ਬੈਂਕਾਕ ਕਾਨਫਰੰਸ ਦੇ ਹਿਸਾਬ ਨਾਲ ਆਜ਼ਾਦ ਹਿੰਦ ਫੌਜ ਦਾ ਕੰਮ ਚਲਣਾ ਸ਼ੁਰੂ ਹੋ ਗਿਆ। ਕੁਝ ਸਮੇਂ ਤੱਕ ਤਾਂ ਜਾਪਾਨੀ ਫੌਜੀਆਂ ਤੇ ਆਜ਼ਾਦ ਹਿੰਦ ਫੌਜ ਵਿੱਚ ਤਾਲਮੇਲ ਵਧੀਆ ਚੱਲਿਆ ਪਰੰਤੂ ਹੌਲੀ-ਹੌਲੀ ਜਾਪਾਨੀਆਂ ਤੇ ਜਨਰਲ ਮੋਹਨ ਸਿੰਘ ਵਿਚਕਾਰ ਸੰਬੰਧ ਵਿਗੜਨੇ ਸ਼ੁਰੂ ਹੋ ਗਏ। ਇਸ ਵਿਗਾੜ ਦਾ ਕਾਰਣ ਜਾਪਾਨੀਆਂ ਦਾ ਆਪਣੇ ਕੀਤੇ ਵਾਇਦਿਆਂ ਤੋਂ ਪਿੱਛੇ ਹਟਣਾ ਸੀ। ਆਜ਼ਾਦ ਹਿੰਦ ਫੌਜ ਦੇ ਸਿਪਾਹੀਆਂ ਦੀ ਗਿਣਤੀ ਦਿਨ-ਬ-ਦਿਨ ਵਧਦੀ ਜਾ ਰਹੀ ਸੀ ਤੇ ਇਹ ਗਿਣਤੀ ਜਾਪਾਨੀਆਂ ਦੇ ਅੰਦਾਜੇ ਤੋਂ ਕਾਫੀ ਜਿਆਦਾ ਹੋ ਚੁੱਕੀ ਸੀ। ''ਆਜ਼ਾਦ ਹਿੰਦ ਫੌਜ ਦੀ ਕੁੱਲ ਗਿਣਤੀ ਘੱਟ ਤੋਂ ਘੱਟ 40 ਹਜਾਰ ਤੇ ਵੱਧ ਤੋਂ ਵੱਧ 90 ਹਜਾਰ ਦੱਸੀ ਦੀ ਹੈ।''[6] ਜਾਪਾਨੀਆਂ ਤੇ ਜਨਰਲ ਮੋਹਨ ਸਿੰਘ ਵਿਚਕਾਰ ਹੋਏ ਸਮਝੌਤੇ ਅਨੁਸਾਰ ਜਾਪਾਨੀਆਂ ਨੇ ਆਜ਼ਾਦ ਹਿੰਦ ਫੌਜ ਨੂੰ ਹਥਿਆਰ ਮੁਹੱਈਆ ਕਰਵਾਉਣੇ ਸਨ ਪਰ ਜਿਵੇਂ-ਜਿਵੇਂ ਆਜ਼ਾਦ ਹਿੰਦ ਫੌਜ ਦੇ ਸਿਪਾਹੀਆਂ ਦੀ ਗਿਣਤੀ ਵਧਦੀ ਗਈ, ਜਾਪਾਨੀਆਂ ਨੇ ਹਥਿਆਰ ਦੇਣੇ ਬੰਦ ਕਰ ਦਿੱਤੇ। ਦੂਜਾ ਜਾਪਾਨੀ ਚਾਹੁੰਦੇ ਸਨ ਕਿ ਆਜ਼ਾਦ ਹਿੰਦ ਫੌਜ ਦੇ ਸਿਪਾਹੀ ਉਹਨਾਂ ਦੇ ਅਧੀਨ ਰਹਿ ਕੇ ਕੰਮ ਕਰਨ। ਇਹ ਗੱਲ ਜਨਰਲ ਮੋਹਨ ਸਿੰਘ ਨੂੰ ਬਿਲਕੁਲ ਨਾ-ਮਨਜੂਰ ਸੀ। ਆਜ਼ਾਦ ਹਿੰਦ ਫੌਜ ਖੁਦਮੁਖ਼ਤਾਰ ਸੀ ਤੇ ਇਹਨਾਂ ਕਾਰਣਾਂ ਕਰਕੇ ਇਕ ਵਾਰ ਜਾਪਾਨੀਆਂ ਤੇ ਜਨਰਲ ਮੋਹਨ ਸਿੰਘ ਦੇ ਸੰਬੰਧ ਅਜਿਹੇ ਵਿਗੜੇ ਕਿ ਉਹ ਦੁਬਾਰਾ ਠੀਕ ਨਾ ਹੋ ਸਕੇ। ਦਿਨ-ਬ-ਦਿਨ ਇਹ ਸੰਬੰਧ ਹੋਰ ਖ਼ਰਾਬ ਹੁੰਦੇ ਗਏ ਅਤੇ ਇਹਨਾਂ ਦੀ ਆਪਸੀ ਖਿਚੋਤਾਣ ਵਧਦੀ ਗਈ।

ਜਾਪਾਨੀਆਂ ਨੂੰ ਇਹ ਲਗਦਾ ਸੀ ਕਿ ਇਸ ਸਾਰੀ ਖਿਚੋਤਾਣ ਪਿਛੇ ਕਰਨਲ ਗਿੱਲ ਹੈ ਜੋ ਕਿ ਜਨਰਲ ਮੋਹਨ ਸਿੰਘ ਦੇ ਬਹੁਤ ਕਰੀਬੀ ਸਨ। ਜਾਪਾਨੀਆਂ ਨੇ ਕਿਸੇ ਸ਼ੱਕ ਦੀ ਵਜਹ ਕਰਕੇ ਕਰਨਲ ਗਿੱਲ ਨੂੰ ਗ੍ਰਿਫਤਾਰ ਕਰ ਲਿਆ। ਇਸ ਗ੍ਰਿਫਤਾਰੀ ਨੇ ਜਾਪਾਨੀਆਂ ਤੇ ਜਨਰਲ ਮੋਹਨ ਸਿੰਘ ਵਿਚਕਾਰ ਸੰਬੰਧ ਹੋਰ ਵੀ ਵਿਗਾੜ ਦਿੱਤੇ। ਇਸ ਵਿਗਾੜ ਦੀ ਇੱਕ ਹੋਰ ਵਜਹ ਆਜ਼ਾਦ ਹਿੰਦ ਫੌਜ ਵਿਚਲੇ ਕੁਝ ਅਫਸਰ ਵੀ ਸਨ ਜੋ ਕਿ ਜਨਰਲ ਮੋਹਨ ਸਿੰਘ ਦੇ ਜਨਰਲ ਬਣਨ ਤੋਂ ਪਹਿਲਾਂ ਅਹੁਦੇ ਵਿੱਚ ਉਸਤੋਂ ਵੱਡੇ ਸਨ ਅਤੇ ਉਹ ਜਨਰਲ ਮੋਹਨ ਸਿੰਘ ਦੇ ਅਧੀਨ ਰਹਿ ਕੇ ਕੰਮ ਨਹੀਂ ਸਨ ਕਰਨਾ ਚਾਹੁੰਦੇ। ਦੂਜਾ ਜਨਰਲ ਮੋਹਨ ਸਿੰਘ ਜਾਪਾਨੀ ਅਫਸਰਾਂ ਨੂੰ ਵਾਰ-ਵਾਰ ਆਪਣੇ ਕੀਤੇ ਹੋਏ ਵਾਇਦੇ ਪੂਰੇ ਕਰਨ ਲਈ ਜੋਰ ਪਾ ਰਹੇ ਸਨ ਅਤੇ ਇਸ ਸਮੇਂ ਜਾਪਾਨੀ ਆਜ਼ਾਦ ਹਿੰਦ ਫੌਜ ਨੂੰ ਜਿਆਦਾ ਤਾਕਤਵਰ ਨਹੀਂ ਸਨ ਹੋਣ ਦੇਣਾ ਚਾਹੁੰਦੇ ਤੇ ਉਹ ਚਾਹੁੰਦੇ ਸਨ ਕਿ ਆਜ਼ਾਦ ਹਿੰਦ ਫੌਜ ਉਹਨਾਂ ਦੇ ਅਧੀਨ ਰਹਿ ਕੇ ਕੰਮ ਕਰੇ ਪਰ ਜਨਰਲ ਮੋਹਨ ਸਿੰਘ ਆਜ਼ਾਦ ਹਿੰਦ ਫੌਜ ਦਾ ਕੰਮ ਆਪਣੇ ਤਰੀਕੇ ਨਾਲ ਚਲਾਉਣ ਲਈ ਬਜਿਦ ਸਨ। ਆਖ਼ਿਰਕਾਰ ''ਜਾਪਾਨੀਆਂ ਨੇ ਜਨਰਲ ਮੋਹਨ ਸਿੰਘ ਨੂੰ 29 ਦਸੰਬਰ 1942 ਨੂੰ ਨਜ਼ਰਬੰਦ ਕਰ ਲਿਆ। ਉਹਨਾਂ ਨੂੰ ਪਹਿਲਾਂ ਤਾਂ ਸਿੰਘਾਪੁਰ ਦੇ ਲਾਗੇ ਇੱਕ ਟਾਪੂ ਵਿੱਚ ਰੱਖਿਆ ਗਿਆ ਤੇ ਫਿਰ ਸੁਮਾਟਰਾ ਭੇਜ ਦਿੱਤਾ ਗਿਆ।''[7] ਆਜ਼ਾਦ ਹਿੰਦ ਫੌਜ ਦਾ ਢਾਂਚਾ ਬਿਖਰ ਗਿਆ। ਜਨਰਲ ਮੋਹਨ ਸਿੰਘ ਦੀ ਗ੍ਰਿਫਤਾਰੀ ਨੇ ਆਜ਼ਾਦ ਹਿੰਦ ਦੇ ਫੌਜੀਆਂ ਵਿੱਚ ਅਫਸਰਸ਼ਾਹੀ ਦਾ ਮਾਹੌਲ ਪੈਦਾ ਕਰ ਦਿੱਤਾ। ਉਹਨਾਂ ਦੀ ਸਥਿਤੀ ਬੜੀ ਔਖੀ ਹੋ ਗਈ ਸੀ। ਉਹ ਭਾਰਤੀ ਫੌਜ ਤੋਂ ਵੀ ਵੱਖ ਹੋ ਚੁੱਕੇ ਸਨ ਅਤੇ ਆਜ਼ਾਦ ਹਿੰਦ ਫੌਜ ਦੀ ਕਮਾਨ ਵੀ ਹੁਣ ਕਿਸੇ ਦੇ ਹੱਥ ਵਿੱਚ ਨਹੀਂ ਸੀ। ਇਸ ਤਰਾਂ ਦੇ ਹਾਲਾਤ ਤਦ ਤੱਕ ਰਹੇ ਜਦ ਤੱਕ ਸੁਭਾਸ਼ ਚੰਦਰ ਬੋਸ ਨੇ ਕਮਾਨ ਨਾ ਸੰਭਾਲ ਲਈ।

ਸੁਭਾਸ਼ ਚੰਦਰ ਬੋਸ ਉਸ ਵਕਤ ਜਰਮਨ ਵਿੱਚ ਸੀ। ਉਹ ਵੱਖ-ਵੱਖ ਦੇਸ਼ਾਂ ਵਿੱਚ ਘੁੰਮ ਕੇ ਭਾਰਤ ਦੀ ਆਜ਼ਾਦੀ ਲਈ ਯਤਨ ਕਰ ਰਹੇ ਸਨ। ਉਸ ਸਮੇਂ ਸਾਰੀ ਦੁਨੀਆਂ ਯੁੱਧ ਦੀ ਚਪੇਟ ਵਿੱਚ ਆਈ ਹੋਈ ਸੀ। ਅਜਿਹੇ ਸਮੇਂ ਵਿੱਚ ਜਰਮਨ ਤੋਂ ਜਾਪਾਨ ਪੁੱਜਣਾ ਬਹੁਤ ਹੀ ਖਤਰਿਆਂ ਭਰਿਆ ਕੰਮ ਸੀ। ਸਮੁੰਦਰ ਦੇ ਰਸਤੇ ਜਰਮਨ ਤੋਂ ਜਾਪਾਨ ਪਹੁੰਚਿਆ ਜਾ ਸਕਦਾ ਸੀ ਪਰ ਐਨੇ ਲੰਮੇ ਸਫ਼ਰ ਦੌਰਾਨ ਕਿਸੇ ਵੀ ਸਮੇਂ ਕੋਈ ਹਮਲਾ ਹੋ ਸਕਦਾ ਸੀ ਪਰੰਤੂ ਸੁਭਾਸ਼ ਚੰਦਰ ਬੋਸ ਇਸ ਗੱਲ ਦੀ ਅਹਮੀਅਤ ਤੋਂ ਭਲੀ ਭਾਂਤ ਵਾਕਿਫ ਸਨ ਕਿ ਜਾਪਾਨ ਪਹੁੰਚ ਕਿ ਆਜ਼ਾਦ ਹਿੰਦ ਫੌਜ ਦੀ ਵਾਗਡੋਰ ਸੰਭਾਲਣਾ ਕਿੰਨਾ ਜਰੂਰੀ ਹੈ। ਉਹਨਾਂ ਕਿਸੇ ਵੀ ਖ਼ਤਰੇ ਦੀ ਪਰਵਾਹ ਨਾ ਕੀਤੀ। ''ਨੇਤਾ ਜੀ ਸੁਭਾਸ਼ ਚੰਦਰ ਬੋਸ, ਆਬਿਦ ਹਸਨ ਨੂੰ ਨਾਲ ਲੈ ਕੇ ਕੀਲ ਤੋਂ 8 ਫਰਵਰੀ 1943 ਨੂੰ ਇੱਕ ਜਰਮਨ ਟੁੱਭੀਮਾਰ ਜਹਾਜ ਵਿੱਚ ਸਵਾਰ ਹੋਏ। ਟੋਕੀਓ ਵਿੱਚ ਉਹ 16 ਮਈ 1943 ਨੂੰ ਪਹੁੰਚ ਗਏ।''[8] ਟੋਕੀਓ ਪਹੁੰਚ ਕੇ ਪਹਿਲਾ ਕੰਮ ਜਾਪਾਨੀ ਅਫਸਰਾਂ ਤੇ ਸਰਕਾਰ ਨਾਲ ਗੱਲਬਾਤ ਕਰਨਾ ਸੀ ਕਿਉਂਕਿ ਜਨਰਲ ਮੋਹਨ ਸਿੰਘ ਨੂੰ ਨਜ਼ਰਬੰਦ ਕਰ ਲਿਆ ਗਿਆ ਸੀ ਅਤੇ ਆਜ਼ਾਦ ਹਿੰਦ ਫੌਜ ਦਾ ਨੇਤਰੁਤਵ ਕਰਨ ਵਾਲਾ ਕੋਈ ਨਹੀਂ ਸੀ। ਜਾਪਾਨੀ ਸਰਕਾਰ ਲਈ ਵੀ ਐਨੀ ਵੱਡੀ ਫੌਜ ਨੂੰ ਸੰਭਾਲਣਾ ਔਖਾ ਸੀ ਪਰੰਤੂ ਸੁਭਾਸ਼ ਚੰਦਰ ਬੋਸ ਦੇ ਮਨ ਵਿੱਚ ਵੀ ਜਾਪਾਨੀ ਸਰਕਾਰ ਪ੍ਰਤੀ ਬਹੁਤ ਸਾਰੇ ਸ਼ੰਕੇ ਸਨ। ਇਹਨਾਂ ਸ਼ੰਕਿਆਂ ਨੂੰ ਦੂਰ ਕੀਤੇ ਬਿਨਾ ਇੱਕਠੇ ਕੰਮ ਨਹੀਂ ਸੀ ਕੀਤਾ ਜਾ ਸਕਦਾ। ਸਭ ਤੋਂ ਪਹਿਲਾਂ ਸੁਭਾਸ਼ ਚੰਦਰ ਬੋਸ ਨੇ ਜਾਪਾਨੀ ਸਰਕਾਰ ਨਾਲ ਗੱਲਬਾਤ ਕਰਕੇ ਆਪਣੇ ਸਾਰੇ ਸ਼ੰਕੇ ਦੂਰ ਕੀਤੇ। ਜਾਪਾਨੀ ਸਰਕਾਰ ਵੀ ਚਾਹੁੰਦੀ ਸੀ ਕਿ ਕੋਈ ਨੇਤਾ ਆ ਕੇ ਆਜ਼ਾਦ ਹਿੰਦ ਫੌਜ ਦੀ ਵਾਗਡੋਰ ਸੰਭਾਲ ਲਵੇ। ਸੁਭਾਸ਼ ਚੰਦਰ ਬੋਸ ਬਹੁਤ ਕੱਦਵਾਰ ਨੇਤਾ ਸਨ। ਜਾਪਾਨੀ ਸਰਕਾਰ ਵੀ ਸੁਭਾਸ਼ ਚੰਦਰ ਬੋਸ ਦੀਆਂ ਸ਼ਰਤਾਂ ਮੰਨਣ ਲਈ ਤਿਆਰ ਹੋ ਗਈ।

ਜਾਪਾਨੀ ਸਰਕਾਰ ਨਾਲ ਸਾਰੇ ਰਾਜਨੀਤਕ ਤੇ ਫੌਜੀ ਮੁਆਮਲੇ ਤੈਅ ਕਰਨ ਪਿਛੋਂ ਹੁਣ ਅਗਲਾ ਕੰਮ ਆਜ਼ਾਦ ਹਿੰਦ ਫੌਜ ਦੇ ਅਫਸਰਾਂ ਨਾਲ ਮੇਲ ਜੋਲ ਸਥਾਪਿਤ ਕਰਕੇ ਉਹਨਾਂ ਨੂੰ ਆਪਣੇ ਭਰੋਸੇ ਵਿੱਚ ਲੈਣ ਦਾ ਸੀ। ਸੁਭਾਸ਼ ਚੰਦਰ ਬੋਸ ਸਿੰਘਾਪੁਰ ਪਹੁੰਚ ਗਏ ਅਤੇ ਇਥੇ ਆਜ਼ਾਦ ਹਿੰਦ ਫੌਜ ਦੇ ਅਫਸਰਾਂ ਨਾਲ ਮੁਲਾਕਾਤ ਕੀਤੀ। ''4 ਜੁਲਾਈ 1943 ਨੂੰ ਕੈਥੇ ਸਿਨੇਮਾ ਹਾਲ ਵਿੱਚ ਪੂਰਬੀ ਏਸ਼ੀਆ ਦੇ ਪੰਜ ਹਜ਼ਾਰ ਹਿੰਦੁਸਤਾਨੀਆਂ ਦੇ ਉਤਸ਼ਾਹ

ਭਰਪੂਰ, ਪ੍ਰਤੀਨਿਧ ਇਕੱਠ ਸਾਹਮਣੇ ਨੇਤਾ ਜੀ ਨੇ ਪੂਰਬ ਏਸ਼ੀਆ ਵਿੱਚ ਹਿੰਦੁਸਤਾਨ ਦੀ ਸੁਤੰਤਰਤਾ ਲਹਿਰ ਦੀ ਅਗਵਾਈ ਬਕਾਇਦਾ ਤੌਰ ਤੇ ਪੁਰਾਣੇ ਇਨਕਲਾਬੀ ਰਾਸ ਬਿਹਾਰੀ ਬੋਸ ਪਾਸੋਂ ਸੰਭਾਲ ਲਈ।''[9] ਇਸਤੋਂ ਬਾਅਦ ਸੁਭਾਸ਼ ਚੰਦਰ ਬੋਸ ਨੇ ਜਨਰਲ ਮੋਹਨ ਸਿੰਘ ਨਾਲ ਮੁਲਾਕਾਤ ਕੀਤੀ। ਆਜ਼ਾਦ ਹਿੰਦ ਫੌਜ ਦੇ ਸਾਰੇ ਫੌਜੀਆਂ ਨੂੰ ਮੁਖ਼ਾਤਿਬ ਹੋਣ ਤੋਂ ਪਹਿਲਾਂ ਇਹ ਮੁਲਾਕਾਤ ਬਹੁਤ ਜਰੂਰੀ ਸੀ ਕਿਉਂਕਿ ਜਨਰਲ ਮੋਹਨ ਸਿੰਘ ਹੀ ਸਨ ਜੋ ਆਜ਼ਾਦ ਹਿੰਦ ਫੌਜ ਤੇ ਜਾਪਾਨੀ ਸਰਕਾਰ ਵਿਚਕਾਰ ਜੋ-ਜੋ ਸਮਝੌਤੇ ਹੋਏ ਅਤੇ ਜਾਪਾਨੀ ਸਰਕਾਰ ਦੇ ਰਵੱਈਏ ਬਾਰੇ ਸਾਰੀ ਜਾਣਕਾਰੀ ਰੱਖਦੇ ਸਨ। ਜਾਪਾਨੀ ਸਰਕਾਰ ਨਾਲ ਕੰਮ ਕਰਨ ਲਈ ਉਹਨਾਂ ਦੀ ਸੋਚ ਨੂੰ ਜਾਨਣਾ ਬਹੁਤ ਜਰੂਰੀ ਸੀ। ਇਸ ਮੁਲਾਕਾਤ ਨੇ ਸੁਭਾਸ਼ ਚੰਦਰ ਬੋਸ ਨੂੰ ਜਾਪਾਨੀ ਸਰਕਾਰ ਨਾਲ ਕੂਟਨੀਤਕ ਤੌਰ ਤੇ ਸੰਬੰਧ ਸਥਾਪਿਤ ਕਰਨ ਵਿੱਚ ਬਹੁਤ ਮਦਦ ਕੀਤੀ। ਸੁਭਾਸ਼ ਚੰਦਰ ਬੋਸ ਨੇ ਜਲਦ ਹੀ ਜਨਰਲ ਮੋਹਨ ਸਿੰਘ ਦੀ ਰਿਹਾਈ ਦਾ ਵਾਇਦਾ ਕੀਤਾ ਅਤੇ ਫਿਰ 5 ਜੁਲਾਈ 1943 ਨੂੰ ਸੁਭਾਸ਼ ਚੰਦਰ ਬੋਸ ਪਹਿਲੀ ਵਾਰ 'ਆਜ਼ਾਦ ਹਿੰਦ ਫੌਜ' ਨੂੰ ਸਿੱਧੇ ਰੂਪ ਵਿੱਚ ਮੁਖ਼ਾਤਿਬ ਹੋਏ।

ਸੁਭਾਸ਼ ਚੰਦਰ ਬੋਸ ਦੀ ਆਜ਼ਾਦ ਹਿੰਦ ਫੌਜ ਦੇ ਫੌਜੀਆਂ ਨਾਲ ਪਹਿਲੀ ਮਿਲਣੀ ਬਹੁਤ ਹੀ ਦਿਲ ਟੁੰਬਵੀਂ, ਭਾਵੁਕ ਅਤੇ ਜੋਸ਼ੀਲੀ ਸੀ। ਆਜ਼ਾਦ ਹਿੰਦ ਫੌਜ ਨਿਰਾਸ਼ਾ ਦੇ ਆਲਮ ਵਿੱਚ ਸੀ। ਉਹਨਾਂ ਨੂੰ ਕਿਸੇ ਯੋਗ ਨੇਤਾ ਦੀ ਲੋੜ ਸੀ, ਜਿਸਦੀ ਅਗਵਾਈ ਵਿੱਚ ਉਹ ਹਿੰਦੁਸਤਾਨ ਦੀ ਧਰਤੀ ਵੱਲ ਕਦਮ ਵਧਾ ਸਕਣ ਤੇ ਇਹ ਯੋਗ ਅਗਵਾਈ ਸੁਭਾਸ਼ ਚੰਦਰ ਬੋਸ ਦੀ ਸੀ। ਉਹਨਾਂ ਨੇ ਆਪਣੇ ਪਹਿਲੇ ਭਾਸ਼ਣ ਰਾਹੀਂ ਹੀ ਸਾਰੇ ਫੌਜੀਆਂ ਦੇ ਦਿਲ ਜਿੱਤ ਲਏ ਅਤੇ ਉਹਨਾਂ ਅੰਦਰਲੇ ਜਜ਼ਬੇ ਨੂੰ ਭਰਵਾਂ ਹੁੰਗਾਰਾ ਦਿੱਤਾ।

''ਮੇਰੇ ਜ਼ਿੰਦਗੀ ਔਰ ਮੌਤ ਕੇ ਸਾਥੀਓ।

ਦੇਸ਼ ਹਮੇਂ ਪੁਕਾਰ ਰਹਾ ਹੈ। ਬਿਦੇਸ਼ੀ ਗੁਲਾਮੀ ਕੀ ਜੰਜੀਰੋਂ ਮੇਂ ਜਕੜੀ ਹੋਈ ਭਾਰਤ ਮਾਤਾ ਅਪਨੇ ਸਪੂਤੋਂ ਕੇ ਇੰਤਜ਼ਾਰ ਮੇਂ ਹੈ। ਹਮਾਰੇ ਭਾਈਓ ਨੇ ਦੇਸ਼ ਕੇ ਅੰਦਰ ਅੰਗਰੇਜ਼ੀ ਸਾਮਰਾਜ ਕੇ ਵਿਰੁੱਧ ਏਕ ਮੁਹਾਜ ਖੋਲ ਰੱਖਾ ਹੈ (ਹਿੰਦੁਸਤਾਨ ਵਿੱਚ ਉਹਨੀਂ ਦਿਨੀ 'ਹਿੰਦੁਸਤਾਨ ਛੱਡ ਦਿਓ' ਦਾ ਅੰਦੋਲਨ ਸ਼ੁਰੂ ਸੀ) ਅਬ ਹਮੇਂ ਦੇਸ਼ ਕੇ ਬਾਹਰ ਦੂਸਰਾ ਮੁਹਾਜ ਖੋਲ ਕਰ ਸਾਮਰਾਜ ਸ਼ਾਹੀ ਕੀ ਇਸ ਉਖੜ ਰਹੀ ਦੀਵਾਰ ਕੋ ਆਖ਼ਿਰੀ ਚੋਟ ਲਗਾਨਾ ਹੈ। ਆਪ ਲੋਗ ਮੁਜੇ ਅਪਨਾ ਖੂਨ ਦੋ, ਮੈਂ ਆਪ ਕੋ ਆਜ਼ਾਦੀ ਲੇ ਕਰ ਦੂੰਗਾ।''[10]

ਸੁਭਾਸ਼ ਚੰਦਰ ਬੋਸ ਨੇ ਆਜ਼ਾਦ ਹਿੰਦ ਫੌਜ ਦੇ ਸਿਪਾਹੀਆਂ ਵਿੱਚ ਰੂਹ ਭਰ ਦਿੱਤੀ। ਉਹਨਾਂ ਵਿੱਚ ਛਾਈ ਨਿਰਾਸ਼ਤਾ ਪਲਾਂ ਛਿਣਾਂ ਵਿੱਚ ਅਲੋਪ ਹੋ ਗਈ। ਇਹ ਉਹ ਯੋਧੇ ਸਨ ਜੋ ਬਰਤਾਨਵੀ ਹਕੂਮਤ ਲਈ ਵੀ ਆਪਣੀ ਜਾਨ ਦੀ ਬਾਜੀ ਲਾਉਂਦੇ ਰਹੇ ਸਨ ਤੇ ਹੁਣ ਵਾਰੀ ਆਪਣੇ ਮੁਲਕ ਲਈ ਲੜਨ ਦੀ ਸੀ। ਜਿਹੜੇ ਫੌਜੀਆਂ ਨੇ ਜੰਗੀ ਕੈਦੀ ਬਣਨਾ ਮਨਜ਼ੂਰ ਕੀਤਾ ਹੋਇਆ ਸੀ, ਨੇਤਾ ਜੀ ਦੀ ਆਮਦ ਦਾ ਐਨਾ ਅਸਰ ਹੋਇਆ ਕਿ ਉਹਨਾਂ ਨੇ ਵੀ ਆਜ਼ਾਦ ਹਿੰਦ ਫੌਜ ਵਿੱਚ ਆਉਣਾ ਮਨਜ਼ੂਰ ਕਰ ਲਿਆ।

ਆਜ਼ਾਦ ਹਿੰਦ ਫੌਜ ਦੀ ਆਰਜੀ ਹਕੂਮਤ ਤਿਆਰ ਕੀਤੀ ਗਈ। ਇਸ ਵਿੱਚ ਸੁਭਾਸ਼ ਚੰਦਰ ਬੋਸ ਨੂੰ ਪ੍ਰਧਾਨ ਮੰਤਰੀ ਤੇ ਸਟੇਟ ਹੈਡ ਦਾ ਅਹੁਦਾ ਦਿੱਤਾ ਗਿਆ। ਆਪ ਨੂੰ 'ਨੇਤਾ ਜੀ' ਦਾ ਨਾਮ ਦਿੱਤਾ ਗਿਆ ਅਤੇ ਇਸਤੋਂ ਬਾਅਦ ਆਪ ਨੇਤਾ ਜੀ ਸੁਭਾਸ਼ ਚੰਦਰ ਬੋਸ ਹੋ ਗਏ। 25 ਅਕਤੂਬਰ 1943 ਨੂੰ ਆਜ਼ਾਦ ਹਿੰਦ ਫੌਜ ਨੇ ''ਮੰਤਰੀਆਂ ਦੀ ਕੌਂਸਲ ਦੀ ਦੂਜੀ ਬੈਠਕ ਵਿੱਚ ਰਾਤ ਦੇ 12 ਵੱਜ ਕੇ 4 ਮਿੰਟ ਉਤੇ ਸਰਵ ਸੰਮਤੀ ਨਾਲ ਇਹ ਪ੍ਰਸਤਾਵ ਪਾਸ ਕੀਤਾ ਕਿ ਆਜ਼ਾਦ ਹਿੰਦ ਫੌਜ ਦੀ ਆਰਜੀ ਹਕੂਮਤ ਬਰਤਾਨੀਆਂ ਤੇ ਅਮਰੀਕਾ ਵਿਰੁੱਧ ਲੜਾਈ ਦਾ ਐਲਾਨ ਕਰਦੀ ਹੈ।''[11] ਆਜ਼ਾਦ ਹਿੰਦ ਫੌਜ ਨੇ ਇੱਕ ਖੁਦ ਮੁਖ਼ਤਾਰ ਫੌਜ ਦੇ ਰੂਪ ਵਿੱਚ ਕੰਮ ਕਰਨਾ ਸ਼ੁਰੂ ਕਰ ਦਿੱਤਾ। ਇਹ ਇੱਕ ਸੰਗਠਿਤ ਫੌਜ ਸੀ ਜੋ ਕਿ ਆਪਣੇ ਮੁਲਕ ਨੂੰ ਆਜ਼ਾਦ ਕਰਵਾਉਣ ਲਈ ਲਾਮਬੰਧ ਹੋਈ ਸੀ। ਇਸਦਾ ਆਪਣਾ ਮੰਤਰੀ ਮੰਡਲ ਸੀ, ਝੰਡਾ ਸੀ, ਨਾਅਰਾ ਸੀ ਭਾਵ ਇਹ ਇਕ ਚੇਤੰਨ ਫੌਜ ਸੀ ਜੋ ਕਿ ਇੱਕ ਮਨਸੂਬੇ ਤਹਿਤ ਕੰਮ ਕਰ ਰਹੀ ਸੀ। ''ਕਾਂਗਰਸ ਦਾ ਤਿਰੰਗਾ ਝੰਡਾ ਆਜ਼ਾਦ ਹਿੰਦ ਦੀ ਆਰਜੀ ਹਕੂਮਤ ਦਾ ਸਰਕਾਰੀ ਝੰਡਾ ਮੰਨਿਆ ਗਿਆ। 'ਜੈ ਹਿੰਦ' ਸਰਕਾਰੀ ਸਲਾਮ ਅਤੇ 'ਦਿੱਲੀ ਚੱਲੋ' ਸਰਕਾਰੀ ਨਾਅਰਾ।''[12]

ਆਜ਼ਾਦ ਹਿੰਦ ਫੌਜ ਨੇ ਫਰੰਟ ਤੇ ਜਾਣ ਦੀਆਂ ਤਿਆਰੀਆਂ ਸ਼ੁਰੂ ਕਰ ਦਿੱਤੀਆਂ। ਸੁਭਾਸ਼ ਚੰਦਰ ਬੋਸ ਨੇ ਫੌਜੀਆਂ ਨੂੰ ਤਿੰਨ ਬ੍ਰਿਗੇਡਾਂ ਵਿੱਚ ਵੰਡ ਦਿੱਤਾ ਅਤੇ ਹਰੇਕ 'ਬ੍ਰਿਗੇਡ ਦੀ ਫਰੰਟ ਤੇ ਜਾਣ ਲਈ ਤਿਆਰੀ ਸ਼ੁਰੂ ਕਰਵਾ ਦਿੱਤੀ ਗਈ। ਜਾਪਾਨੀ ਸਰਕਾਰ ਚਾਹੇ ਸੁਭਾਸ਼ ਚੰਦਰ ਬੋਸ ਦੀਆਂ ਸਾਰੀਆਂ ਸ਼ਰਤਾਂ ਮਨਜ਼ੂਰ ਕਰ ਚੁੱਕੀ ਸੀ ਪਰੰਤੂ ਫਿਰ ਵੀ ਉਹਨਾਂ ਨੂੰ ਸ਼ੱਕ ਸੀ ਕਿ ਆਜ਼ਾਦ ਹਿੰਦ ਫੌਜ ਦੇ ਸਿਪਾਹੀ ਫਰੰਟ ਤੇ ਜਾਕੇ ਅੰਗਰੇਜ਼ਾਂ ਦਾ ਸਾਥ ਨਾ ਦੇਣ ਕਿਉਂਕਿ ਜਾਪਾਨੀਆਂ ਨੂੰ ਲਗਦਾ ਸੀ ਕਿ ਇਹ ਸਿਪਾਹੀ ਹਿੰਦੁਸਤਾਨ ਪਹੁੰਚ ਕੇ ਆਪਣੇ ਪਰਿਵਾਰਾਂ ਨੂੰ ਮਿਲਣ ਦੇ ਇਛੁਕ ਹੋਣਗੇ। ਜਦ ਇਹ ਸਮੱਸਿਆ ਨੇਤਾ ਜੀ ਸਾਹਮਣੇ ਆਈ ਤਾਂ ਉਹਨਾਂ ਨੇ ਬੜੀ ਸੋਚ ਵਿਚਾਰ ਬਾਅਦ ਇਹ ਫੈਸਲਾ ਲਿਆ ਕਿ ਪਹਿਲਾਂ ਸਾਰੀ ਫੌਜ ਨੂੰ ਫਰੰਟ ਤੇ ਨਾ ਭੇਜਿਆ ਜਾਵੇ। ਸੁਭਾਸ਼ ਚੰਦਰ ਬੋਸ ਜੀ ਕਿਸੇ ਵੀ ਵਜਹ ਕਰਕੇ ਹਿੰਦੁਸਤਾਨ ਦੀ ਆਜ਼ਾਦੀ ਦਾ ਇਹ ਸੁਨਿਹਰੀ ਮੌਕਾ ਗਵਾਉਣਾ ਨਹੀਂ ਸਨ ਚਾਹੁੰਦੇ। ਉਹਨਾਂ ਜਾਪਾਨੀ ਸਰਕਾਰ ਨਾਲ ਸਮਝੌਤਾ ਕੀਤਾ ਅਤੇ ਪਹਿਲਾਂ ਇੱਕ ਬ੍ਰਿਗੇਡ ਨੂੰ ਫਰੰਟ ਤੇ ਭੇਜਣ ਦਾ ਫੈਸਲਾ ਕੀਤਾ। ਨੇਤਾ ਜੀ ਨੇ ਤਿੰਨੋ ਬ੍ਰਿਗੇਡਾਂ ਵਿੱਚੋਂ ਚੋਣਵੇ ਫੌਜੀ ਚੁਣਕੇ ਇੱਕ ਹੋਰ ਬ੍ਰਿਗੇਡ ਤਿਆਰ ਕੀਤਾ। ਇਸ ਬ੍ਰਿਗੇਡ ਦਾ ਨਾਮ ਸੁਭਾਸ਼ ਬ੍ਰਿਗੇਡ ਰੱਖਿਆ ਗਿਆ। ਇਸ ਬ੍ਰਿਗੇਡ ਨੇ ਪੂਰੀ ਤਨਦੇਹੀ ਨਾਲ ਫਰੰਟ ਤੇ ਜਾਣ ਦੀਆਂ ਤਿਆਰੀਆਂ ਆਰੰਭ ਕੀਤੀਆਂ। ''9 ਨਵੰਬਰ 1943 ਨੂੰ ਆਪਣੀ ਸਿਖਲਾਈ ਆਦਿਕ ਪੂਰੀ ਕਰਕੇ ਸੁਭਾਸ਼ ਬ੍ਰਿਗੇਡ ਦੀ ਪਹਿਲੀ ਪਾਰਟੀ ਰੇਲ ਰਾਹੀਂ ਤਾਇਪਿੰਗ ਤੋਂ ਰੰਗੂਨ ਲਈ ਚੱਲ ਪਈ। ਬ੍ਰਿਗੇਡ ਦੀ ਸਭ ਤੋਂ ਅੰਤਲੀ ਪਾਰਟੀ 24 ਨਵੰਬਰ ਨੂੰ ਤਾਇਪਿੰਗ ਤੋਂ ਚੱਲੀ। ਬ੍ਰਿਗੇਡ ਦਾ ਵੱਡਾ ਭਾਗ ਜਨਵਰੀ 1944 ਦੇ ਸ਼ੁਰੂ ਵਿੱਚ ਰੰਗੂਨ ਪੁੱਜਾ।''[13]

ਸੁਭਾਸ਼ ਬ੍ਰਿਗੇਡ ਨੇ ਫਰੰਟ ਤੇ ਪਹੁੰਚ ਕੇ ਹਿੰਦੁਸਤਾਨ ਦੀ ਧਰਤੀ ਵੱਲ ਵਧਣਾ ਸ਼ੁਰੂ ਕਰ ਦਿੱਤਾ। ਆਜ਼ਾਦ ਹਿੰਦ ਫੌਜ ਦੇ ਜ਼ੁੰਮੇ ਪਹਿਲੀ ਡਿਊਟੀ ਅਫਰੀਕਾ ਦੇ ਹਬਸ਼ੀਆਂ ਦੇ ਡਵੀਜਨ ਨੂੰ ਕਲਾਡਾਨ ਦਰਿਆ ਦੇ ਪੂਰਬੀ ਕੰਢੇ ਉਤੇ ਆਉਣ ਤੋਂ ਰੋਕਣ ਦੀ ਸੀ। ਸੁਭਾਸ਼ ਬ੍ਰਿਗੇਡ ਨੇ ਉਹਨਾਂ ਉਤੇ ਹਮਲਾ ਕਰ ਦਿੱਤਾ। ਉਹ ਇਸ ਹਮਲੇ ਲਈ ਤਿਆਰ ਨਹੀਂ ਸਨ ਨਤੀਜਨ ਉਹ ਮੋਰਚਾ ਛੱਡ ਕੇ ਭੱਜ ਗਏ। ਇਹ ਆਜ਼ਾਦ ਹਿੰਦ ਫੌਜ ਦੀ ਪਹਿਲੀ ਜਿੱਤ ਸੀ ਤੇ ਇਸ ਜਿੱਤ ਨੇ ਫੌਜ ਨੂੰ ਬਹੁਤ ਜਿਆਦਾ ਉਤਸ਼ਾਹ ਨਾਲ ਭਰ ਦਿੱਤਾ। ਇਸ ਲੜਾਈ ਵਿੱਚੋਂ ਉਹਨਾਂ ਨੂੰ ਕਾਫੀ ਗੋਲੀ ਸਿੱਕਾ ਵੀ ਪ੍ਰਾਪਤ ਹੋਇਆ। ''ਇਸ ਲੜਾਈ ਵਿੱਚ ਸਾਡੇ ਲਗਭਗ 14 ਆਦਮੀ ਸ਼ਹੀਦ ਹੋਏ ਅਤੇ 22 ਜ਼ਖ਼ਮੀ। ਦੁਸ਼ਮਣ ਦੇ 250 ਆਦਮੀ ਮਾਰੇ ਗਏ। ਕਾਫੀ ਗੋਲਾ ਬਾਰੂਦ ਵੀ ਸਾਡੇ ਸਿਪਾਹੀਆਂ ਦੇ ਹੱਥ ਲੱਗਾ।''[14] ਆਜ਼ਾਦ ਹਿੰਦ ਫੌਜ ਦੇ ਸਿਪਾਹੀਆਂ ਨੇ ਤਿਰੰਗਾ ਝੰਡਾ ਲਹਿਰਾ ਕੇ ਆਪਣੀ ਜਿੱਤ ਦੀ ਮੋਹਰ ਲਾਈ। ਸਫਲਤਾ ਇਸ ਬ੍ਰਿਗੇਡ ਦੇ ਪੈਰਾਂ ਨੂੰ ਚੁੰਮ ਰਹੀ ਸੀ ਅਤੇ ਉਹ ਦੁਸ਼ਮਣ ਨੂੰ ਹਰਾ ਕੇ ਭਜਾ ਰਹੇ ਸਨ। ਇਸ ਤੋਂ ਬਾਅਦ ਸੁਭਾਸ਼ ਬ੍ਰਿਗੇਡ ਨੇ ਅੱਗੇ ਵਧਣਾ ਸ਼ੁਰੂ ਕਰ ਦਿੱਤਾ। ਹੁਣ ਉਹ ਉਸ ਮੰਜ਼ਿਲ ਵੱਲ ਵਧ ਰਹੇ ਸਨ ਜਿਸਦਾ ਉਹਨਾਂ ਨੂੰ ਲੰਮੇ ਸਮੇਂ ਤੋਂ ਇੰਤਜਾਰ ਸੀ। ਉਹ ਉਸ ਧਰਤ ਵੱਲ ਵਧ ਰਹੇ ਸਨ ਜਿਥੇ ਉਹਨਾਂ ਨੇ ਜਨਮ ਲਿਆ ਸੀ ਅਤੇ ਜਿਸ ਮਿੱਟੀ ਦੀ ਖਾਤਿਰ ਉਹ ਐਨੇ ਕਸ਼ਟ ਸਹਿ ਰਹੇ ਸਨ। ''18 ਮਾਰਚ 1944 ਦਾ ਦਿਨ ਆਜ਼ਾਦ ਹਿੰਦ ਫੌਜ ਦੇ ਇਤਿਹਾਸ ਦਾ ਇੱਕ ਸੁਨਿਹਰੀ ਦਿਨ ਸੀ। ਇਸ ਦਿਨ ਆਜ਼ਾਦ ਹਿੰਦ ਫੌਜ ਨੇ ਸਰਹੱਦ ਪਾਰ ਕਰਕੇ ਹਿੰਦੁਸਤਾਨ ਦੀ ਪਵਿੱਤਰ ਧਰਤੀ ਤੇ ਪੈਰ ਰੱਖਿਆ।''[15] ਇਹ ਅਹਿਸਾਸ ਇੱਕ ਸੁਪਨੇ ਦੇ ਸਾਕਾਰ ਹੋਣ ਵਰਗਾ ਸੀ। ਹਿੰਦੁਸਤਾਨੀ ਸਿਪਾਹੀਆਂ ਨੇ ਆਪਣੀ ਮਾਤਰ ਭੂਮੀ ਨੂੰ ਚੁੰਮ ਕੇ ਇਸ ਵਿੱਚ ਕਦਮ ਰੱਖੇ। ਜਦੋਂ ਇਹ ਸੰਦੇਸ਼ ਨੇਤਾ ਜੀ ਤੱਕ ਪਹੁੰਚਾਇਆ ਗਿਆ ਤਾਂ ਉਹਨਾਂ ਨੇ ਇਹ ਸੂਚਨਾ ਇੱਕ ਵਿਸ਼ੇਸ਼ ਐਲਾਨ ਰਾਹੀਂ ਸਾਰੀ ਦੁਨੀਆਂ ਨੂੰ ਦਿੱਤੀ।

ਸਤੰਬਰ 1944 ਤੱਕ ਆਜ਼ਾਦ ਹਿੰਦ ਫੌਜ ਦੀ ਕਮਾਨ ਹੇਠ ਇੱਕ ਟੁਕੜੀ ਏਥੇ ਰਹੀ। ਬਰਸਾਤਾਂ ਸ਼ੁਰੂ ਹੋ ਗਈਆਂ ਸਨ ਅਤੇ ਪਿੱਛੋਂ ਰਸਦ ਦਾ ਪੁੱਜਣਾ ਮੁਸ਼ਕਿਲ ਹੋ ਗਿਆ। ਬਰਸਾਤਾਂ ਦੀ ਵਜਹ ਕਰਕੇ ਫੌਜ ਵਿੱਚ ਬਹੁਤ ਸਾਰੀਆਂ ਬਿਮਾਰੀਆਂ ਫੈਲ ਰਹੀਆਂ ਸਨ, ਇਸ ਕਰਕੇ ਇਸ ਚੌਕੀ ਤੇ ਰਹਿਣਾ ਬਹੁਤ ਮੁਸ਼ਕਿਲ ਸੀ। ਆਖ਼ਿਰ ਨੇਤਾ ਜੀ ਨੇ ਫੌਜ ਨੂੰ ਪਿੱਛੇ ਹਟਣ ਦਾ ਹੁਕਮ ਦੇ ਦਿੱਤਾ। ਸਿਪਾਹੀ ਪਿਛੇ ਹਟਣ ਲਈ ਤਿਆਰ ਨਹੀਂ ਸਨ ਕਿਉਂਕਿ ਉਹ ਇਸ ਚੌਕੀ ਤੋਂ ਕਬਜਾ ਨਹੀਂ ਸਨ ਛੱਡਣਾ ਚਾਹੁੰਦੇ ਪਰ ਜਦ ਹਾਲਾਤ ਬਦ ਤੋਂ ਬਦਤਰ ਹੋ ਗਏ ਤਾਂ ਮੱਧ ਨਵੰਬਰ ਤੱਕ ਸੁਭਾਸ਼ ਬ੍ਰਿਗੇਡ ਦੀ ਪਹਿਲੀ ਬਟਾਲੀਅਨ ਵਾਪਿਸ ਰੰਗੂਨ ਪਹੁੰਚ ਗਈ। ਜਿਥੇ ਇੱਕ ਪਾਸੇ ਸੁਭਾਸ਼ ਬ੍ਰਿਗੇਡ ਦੀ ਪਹਿਲੀ ਬਟਾਲੀਅਨ ਹਿੰਦੁਸਤਾਨ ਵਿੱਚ ਪ੍ਰਵੇਸ਼ ਕਰ ਚੁੱਕੀ ਸੀ ਤੇ ਦੂਜੇ ਪਾਸੇ ਸੁਭਾਸ਼ ਬ੍ਰਿਗੇਡ ਦੀ ਦੂਜੀ ਤੇ ਤੀਜੀ ਬਟਾਲੀਅਨ ਇਮਫਾਲ ਦੇ ਮੋਰਚੇ ਤੇ ਤੈਨਾਤ ਹੋਈ। ਚਾਹੇ ਆਜ਼ਾਦ ਹਿੰਦ ਫੌਜ ਦੇ ਸਿਪਾਹੀਆਂ ਕੋਲ ਅੰਗਰੇਜ਼ਾਂ ਦੀ ਤੁਲਨਾ ਵਿੱਚ ਨਾ ਤਾਂ ਆਧੁਨਿਕ ਹਥਿਆਰ ਸਨ ਤੇ ਨਾ ਹੀ ਹੋਰ ਸਹੂਲਤਾਂ ਪਰ ਬਾਵਜੂਦ ਇਸਦੇ, ਇਸ ਮੋਰਚੇ ਤੇ ਵੀ ਅੰਗਰੇਜ਼ਾਂ ਨੂੰ ਪਿਛੇ ਹਟਣ ਲਈ ਮਜਬੂਰ ਕਰ ਦਿੱਤਾ। ਆਜ਼ਾਦ ਹਿੰਦ ਫੌਜ

ਦੇ ਸਿਪਾਹੀਆਂ ਦੀ ਹਰ ਮੋਰਚੇ ਤੇ ਫਤਹਿ ਹੋ ਰਹੀ ਸੀ ਪਰ ਸਮਾਂ ਉਹਨਾਂ ਦੇ ਅਨੁਕੂਲ ਨਹੀਂ ਸੀ ਚਲ ਰਿਹਾ। ਇਥੇ ਵੀ ਬਾਰਸ਼ਾਂ ਨੇ ਫੌਜ ਦੀ ਹਾਲਤ ਖਰਾਬ ਕਰ ਦਿੱਤੀ। ਬਾਰਿਸ਼ ਦੀ ਵਜਹ ਕਰਕੇ ਫੌਜ ਵਿੱਚ ਬਿਮਾਰੀਆਂ ਵੀ ਫੈਲ ਰਹੀਆਂ ਸਨ। ਚਾਹੇ ਜਾਪਾਨੀ ਤੇ ਆਜ਼ਾਦ ਹਿੰਦ ਫੌਜ ਜਿੱਤ ਰਹੇ ਸਨ ਪਰ ਫਿਰ ਵੀ ਆਜ਼ਾਦ ਹਿੰਦ ਫੌਜ ਨੂੰ ਜਾਪਾਨੀ ਫੌਜਾਂ ਦੇ ਨਾਲ ਹੀ ਪਿਛੇ ਹਟਣਾ ਪਿਆ। ਸੁਭਾਸ਼ ਬ੍ਰਿਗੇੜ ਦੇ ਸਿਪਾਹੀਆਂ ਨੇ ਅੰਗਰੇਜ਼ੀ ਫੌਜ ਨੂੰ ਆਪਣੀ ਬਹਾਦਰੀ ਦਾ ਅਜਿਹਾ ਲੋਹਾ ਮਨਵਾਇਆ ਕਿ ਜਾਪਾਨੀ ਵੀ ਉਹਨਾਂ ਦੀ ਬਹਾਦਰੀ ਨੂੰ ਮੰਨ ਗਏ। ਜਾਪਾਨੀਆਂ ਦੇ ਮਨ ਤੇ ਆਜ਼ਾਦ ਹਿੰਦ ਫੌਜ ਦੇ ਸਿਪਾਹੀਆਂ ਦੀ ਬਹਾਦਰੀ ਦਾ ਐਨਾ ਅਸਰ ਹੋਇਆ ਕਿ ਉਹ ਆਜ਼ਾਦ ਹਿੰਦ ਫੌਜ ਦੀਆਂ ਬਾਕੀ ਟੁਕੜੀਆਂ ਨੂੰ ਵੀ ਫਰੰਟ ਤੇ ਭੇਜਣ ਲਈ ਤਿਆਰ ਹੋ ਗਏ। ਇਸਤੋਂ ਬਾਅਦ ਆਜ਼ਾਦ ਬ੍ਰਿਗੇੜ ਤੇ ਗਾਂਧੀ ਬ੍ਰਿਗੇੜ ਨੂੰ ਵੀ ਫਰੰਟ ਤੇ ਭੇਜ ਦਿੱਤਾ ਗਿਆ।

ਇਮਫਾਲ ਵਿੱਚ ਅੰਗਰੇਜ਼ੀ ਫੌਜ ਤੇ ਆਜ਼ਾਦ ਹਿੰਦ ਫੌਜ ਵਿਚਕਾਰ ਲੜਾਈ ਚਲ ਰਹੀ ਸੀ। ਅੰਗਰੇਜ਼ੀ ਫੌਜਾਂ ਤਾਮੂ ਪਲੇਲ ਰੋਡ ਤੋਂ ਅੱਗੇ ਵੱਧ ਰਹੀਆਂ ਸਨ। ਇਥੇ ਆਜ਼ਾਦ ਹਿੰਦ ਫੌਜ ਨਾਲ ਉਹਨਾਂ ਦਾ ਸਾਹਮਣਾ ਹੋਇਆ। ਆਜ਼ਾਦ ਹਿੰਦ ਫੌਜ ਦੇ ਸਿਪਾਹੀਆਂ ਨੇ ਪਲੇਲ ਦੇ ਹਵਾਈ ਅੱਡੇ ਉਤੇ ਕਬਜਾ ਕਰ ਲਿਆ। ਇਥੇ ਆਜ਼ਾਦ ਹਿੰਦ ਫੌਜ ਦੇ ਸਿਪਾਹੀਆਂ ਨੂੰ ਜਾਪਾਨੀ ਫੌਜ ਦੀ ਮਦਦ ਦੀ ਆਸ ਸੀ ਪਰ ਉਹਨਾਂ ਨੂੰ ਇਹ ਮਦਦ ਨਾ ਮਿਲ ਸਕੀ। ਜਿਸ ਵਜਹ ਕਰਕੇ ਇਥੇ ਜਿਆਦਾ ਦੇਰ ਕਬਜਾ ਜਮਾਈ ਰੱਖਣਾ ਸੰਭਵ ਨਹੀਂ ਸੀ ਤੇ ਆਖ਼ਿਰ ਫੌਜੀਆਂ ਨੂੰ ਪਿੱਛੇ ਹਟਣਾ ਪਿਆ। ਅੰਗਰੇਜ਼ ਫੌਜ ਦਾ ਹਮਲਾ ਜਾਰੀ ਸੀ। ਉਹਨਾਂ ਨੇ ਆਪਣੇ ਹਵਾਈ ਹਮਲੇ ਜਾਰੀ ਰੱਖੇ ਤੇ ਇਥੇ ਆਜ਼ਾਦ ਹਿੰਦ ਫੌਜ ਦੇ ਸਿਪਾਹੀਆਂ ਨੂੰ ਕਾਫੀ ਨੁਕਸਾਨ ਉਠਾਉਣਾ ਪਿਆ। ਇਸ ਸਮੇਂ ਦੌਰਾਨ "ਪਹਿਲੇ ਡਵੀਜਨ ਦਾ ਤੀਸਰਾ ਬ੍ਰਿਗੇੜ (ਆਜ਼ਾਦ ਬ੍ਰਿਗੇੜ) ਵੀ ਅਪ੍ਰੈਲ 1944 ਵਿੱਚ ਮਲਾਇਆ ਤੋਂ ਰੰਗੂਨ ਪੁੱਜ ਗਿਆ ਸੀ।"[16]

ਆਜ਼ਾਦ ਹਿੰਦ ਫੌਜ ਦੇ ਸਿਪਾਹੀਆਂ ਨੇ ਹਰੇਕ ਮੋਰਚੇ ਵਿੱਚ ਅੰਗਰੇਜ਼ ਫੌਜ ਦੇ ਸਿਪਾਹੀਆਂ ਨੂੰ ਪਿੱਛੇ ਹਟਣ ਲਈ ਮਜ਼ਬੂਰ ਕੀਤਾ। ਉਹਨਾਂ ਨੇ ਜਿਸ ਵੀ ਚੌਕੀ ਤੇ ਹਮਲਾ ਕੀਤਾ ਉਥੇ ਜਿੱਤ ਪ੍ਰਾਪਤ ਕੀਤੀ। ਉਹਨਾਂ ਕੋਲ ਹਥਿਆਰਾਂ ਦੀ ਵੀ ਕਮੀ ਸੀ ਤੇ ਉਹ ਕਿਤੇ ਨਾ ਕਿਤੇ ਜਾਪਾਨੀ ਫੌਜ ਦੇ ਸਹਾਰੇ ਚਲ ਰਹੇ ਸਨ ਤੇ ਉਹਨਾਂ ਨੂੰ ਸਭ ਪਾਸੇ ਤੋਂ ਮੁਸ਼ਕਿਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਸੀ ਪਰੰਤੂ ਫਿਰ ਵੀ ਕਿਸੇ ਵੀ ਹਮਲੇ ਵਿੱਚ ਆਜ਼ਾਦ ਹਿੰਦ ਫੌਜ ਪਿਛੇ ਨਾ ਹਟੀ। ਉਹ ਹਿੰਦੁਸਤਾਨੀ ਇਲਾਕੇ ਵਿੱਚ ਲਗਭਗ 200 ਮੀਲ ਅੰਦਰ ਤੱਕ ਚਲੇ ਗਏ ਸਨ ਅਤੇ ਕਈ ਮਹੀਨੇ ਉਹਨਾਂ ਨੇ ਇਸ ਇਲਾਕੇ ਤੇ ਕਬਜਾ ਵੀ ਬਣਾਈ ਰੱਖਿਆ ਅਤੇ ਕੋਈ ਫੌਜ ਉਹਨਾਂ ਤੋਂ ਇਸ ਇਲਾਕੇ ਦਾ ਕਬਜਾ ਵਾਪਿਸ ਨਾ ਲੈ ਸਕੀ। ਦੂਜੇ ਪਾਸੇ ਇਮਫਾਲ ਦੇ ਮੋਰਚੇ ਤੇ ਵੀ ਆਜ਼ਾਦ ਹਿੰਦ ਫੌਜ ਦੇ ਸਿਪਾਹੀਆਂ ਨੇ ਬਹੁਤ ਬਹਾਦਰੀ ਦਾ ਸਬੂਤ ਦਿੱਤਾ ਪਰੰਤੂ ਐਨੀ ਬਹਾਦਰੀ ਨਾਲ ਲੜਨ ਦੇ ਬਾਵਜੂਦ ਵੀ ਉਹ ਇਮਫਾਲ ਤੇ ਕਬਜਾ ਨਾ ਲੈ ਸਕੇ। ਇਥੇ ਕਬਜਾ ਨਾ ਹੋ ਸਕਣ ਦੇ ਕਈ ਕਾਰਣ ਸਨ। ਪਹਿਲਾ ਕਾਰਣ ਇਮਫਾਲ ਦੀ ਭੂਗੋਲਿਕ ਸਥਿਤੀ ਸੀ। ਇਮਫਾਲ ਇੱਕ ਮੈਦਾਨੀ ਇਲਾਕਾ ਸੀ ਤੇ ਇਸਦੇ ਆਸੇ ਪਾਸੇ ਪਹਾੜੀਆਂ ਸਨ। ਉਸ ਇਲਾਕੇ ਵਿੱਚੋਂ ਨਿਕਲਣ ਵਾਲੇ ਜੋ ਦੋ ਮੁੱਖ ਰਸਤੇ ਸਨ ਉਹ ਦੋਹੇਂ ਰਸਤੇ ਆਜ਼ਾਦ ਹਿੰਦ ਫੌਜ ਨੇ ਬੰਦ ਕਰ ਰੱਖੇ ਸਨ ਕਿਉਂਕਿ ਨੇਤਾ ਜੀ ਚਾਹੁੰਦੇ ਸਨ ਕਿ ਅੰਗਰੇਜ਼ੀ ਫੌਜ ਨੂੰ ਇਥੇ ਹਰਾ ਕੇ ਇਸ ਵਿਚਾਲੇ ਭਾਰਤੀ ਸਿਪਾਹੀਆਂ ਨੂੰ ਆਜ਼ਾਦ ਹਿੰਦ ਫੌਜ ਵਿੱਚ ਸ਼ਾਮਿਲ ਕਰ ਲਿਆ ਜਾਵੇ ਤੇ ਉਹਨਾਂ ਦੇ ਹਥਿਆਰਾਂ ਤੇ ਕਬਜਾ ਕਰ ਲਿਆ ਜਾਵੇ। ਅਜਿਹੀ ਸਥਿਤੀ ਵਿੱਚ ਬਰਤਾਨਵੀ ਫੌਜ ਕੋਲ ਦੋ ਹੀ ਰਸਤੇ ਸਨ ਕਿ ਜਾਂ ਤਾਂ ਉਹ ਹਥਿਆਰ ਸੁੱਟ ਦਿੰਦੇ ਤੇ ਜਾਂ ਫਿਰ ਆਖ਼ਿਰੀ ਦਮ ਤੱਕ ਲੜਦੇ ਕਿਉਂਕਿ ਇਥੋਂ ਨਿਕਲ ਜਾਣ ਦਾ ਕੋਈ ਰਸਤਾ ਉਹਨਾਂ ਕੋਲ ਨਹੀਂ ਸੀ। ਉਹਨਾਂ ਨੇ ਲੜ ਕੇ ਹਾਰ ਜਾਣ ਜਾਂ ਮਰਨ ਦਾ ਰਸਤਾ ਚੁਣਿਆ ਤੇ ਇਹ ਰਸਤਾ ਸਹੀ ਵੀ ਸਾਬਿਤ ਹੋਇਆ ਕਿਉਂਕਿ ਅੰਤਰਰਾਸ਼ਟਰੀ ਹਾਲਾਤ ਅਜਿਹੇ ਸਨ ਕਿ ਜਾਪਾਨੀਆਂ ਨੂੰ ਆਪਣੀ ਹਵਾਈ ਤਾਕਤ ਅਮਰੀਕਾ ਨਾਲ ਚਲ ਰਹੇ ਯੁੱਧ ਵਿੱਚ ਝੋਕਣੀ ਪਈ, ਜਿਸ ਕਾਰਣ ਉਹ ਇਥੇ ਆਜ਼ਾਦ ਹਿੰਦ ਫੌਜ ਨੂੰ ਢੁਕਵੀਂ ਮਦਦ ਨਾ ਕਰ ਸਕੇ ਤੇ ਅਜਿਹੀ ਸਥਿਤੀ ਦਾ ਫਾਇਦਾ ਉਠਾ ਕੇ ਅੰਗਰੇਜ਼ਾਂ ਨੇ ਆਪਣੀ ਤਾਕਤ ਵਧਾ ਲਈ ਤੇ ਆਖਿਰ ਆਜ਼ਾਦ ਹਿੰਦ ਫੌਜ ਨੂੰ ਪਿਛੇ ਹਟਣਾ ਪਿਆ।

ਇਮਫਾਲ ਤੇ ਕਬਜਾ ਨਾ ਹੋਣ ਵਿੱਚ ਦੂਜਾ ਵੱਡਾ ਰੋਲ ਮੌਸਮ ਨੇ ਅਦਾ ਕੀਤਾ। ਬਾਰਸ਼ਾਂ ਦੇ ਮੌਸਮ ਦੀ ਵਜਹ ਕਾਰਣ ਆਜ਼ਾਦ ਹਿੰਦ ਫੌਜ ਦੇ ਫੌਜੀਆਂ ਵਿੱਚ ਬਹੁਤ ਸਾਰੀਆਂ ਬਿਮਾਰੀਆਂ ਫੈਲਣ ਲੱਗੀਆਂ। ਉਹਨਾਂ ਨੂੰ ਡਾਕਟਰੀ ਸਹਾਇਤਾ ਤੇ ਰਾਸ਼ਨ ਦੀ ਕਮੀ ਆਉਣ ਲੱਗ ਪਈ ਤੇ ਇਹਨਾਂ ਦੋਹਾਂ ਸਮੱਸਿਆਵਾਂ ਦੇ ਚਲਦੇ ਉਥੇ ਬਹੁਤ ਦੇਰ ਘੇਰਾ ਬਣਾਈ ਰੱਖਣਾ ਸੰਭਵ ਨਹੀਂ ਸੀ। ਤੀਜਾ ਕਾਰਣ ਜਾਪਾਨੀਆਂ ਦਾ ਆਜ਼ਾਦ ਹਿੰਦ ਫੌਜ ਦਾ ਪੂਰੀ ਤਰਾਂ ਸਾਥ ਨਾ ਦੇਣਾ ਸੀ। ਇਸਦਾ ਕਾਰਣ ਇਹ ਸੀ ਕਿ ਉਹਨਾਂ ਨੂੰ ਇਹ ਸਮਝ ਆ ਚੁੱਕੀ ਸੀ ਕਿ ਆਜ਼ਾਦ ਹਿੰਦ ਫੌਜ ਇੱਕ ਖੁਦਮੁਖ਼ਤਾਰ ਫੌਜ ਹੈ ਅਤੇ ਉਹਨਾਂ ਨੇ ਕਿਸੇ ਵੀ ਤਰੀਕੇ ਜਾਪਾਨੀਆਂ ਦੀ ਅਧੀਨਤਾ ਵਿੱਚ ਕੰਮ ਨਹੀਂ ਕਰਨਾ। ਇਸ ਲਈ ਉਹਨਾਂ ਆਪਣੀ ਤਾਕਤ ਹੋਰ ਪਾਸੇ ਝੋਕ ਦਿੱਤੀ। ਆਜ਼ਾਦ ਹਿੰਦ ਫੌਜ ਨੂੰ ਕੱਲਿਆਂ ਮੁਕਾਬਲਾ ਕਰਨ ਲਈ ਛੱਡ ਦਿੱਤਾ। ਅਜਿਹੀ ਸਥਿਤੀ ਵਿੱਚ ਬਹੁਤ ਦੇਰ ਤੱਕ ਆਜ਼ਾਦ ਹਿੰਦ ਫੌਜ ਦੁਆਰਾ ਘੇਰਾ ਬਣਾਈ ਰੱਖਣਾ ਸੰਭਵ ਨਹੀਂ ਸੀ।

ਅੰਤਰਰਾਸ਼ਟਰੀ ਹਾਲਾਤ ਦਿਨ-ਬ-ਦਿਨ ਬਦਲਦੇ ਗਏ। ਸਾਰੇ ਪਾਸੇ ਜਰਮਨੀ ਤੇ ਜਾਪਾਨ ਦੀਆਂ ਫੌਜਾਂ ਦੀ ਹਾਰ ਹੋਣੀ ਸ਼ੁਰੂ ਹੋ ਗਈ। ਜਿਸਦੇ ਚਲਦੇ ਬਹੁਤ ਜਗਹ ਤੇ ਜਰਮਨ ਤੇ ਜਾਪਾਨ ਦੀਆਂ ਫੌਜਾਂ ਨੂੰ ਹਥਿਆਰ ਸੁਟਣੇ ਪਏ ਤੇ ਕਈ ਥਾਈਂ ਆਜ਼ਾਦ ਹਿੰਦ ਫੌਜ ਨੂੰ ਵੀ ਹਥਿਆਰ ਸੁਟਣੇ ਪਏ। ਚਾਹੇ ਅੰਤਰਰਾਸ਼ਟਰੀ ਹਾਲਾਤਾਂ ਦੇ ਮੱਦੇਨਜ਼ਰ ਜਾਪਾਨ ਤੇ ਜਰਮਨੀ ਦੀ ਹਾਰ ਦੇ ਚਲਦਿਆਂ ਆਜ਼ਾਦ ਹਿੰਦ ਫੌਜ ਨੂੰ ਵੀ ਹਥਿਆਰ ਸੁਟਣੇ ਪੈ ਰਹੇ ਸਨ ਪਰ ਨੇਤਾ ਜੀ ਦੇ ਹੌਸਲੇ ਹਾਲੇ ਵੀ ਬੁਲੰਦ ਸਨ। ਨੇਤਾ ਜੀ ਉਹਨਾਂ ਸਥਾਨਾਂ ਤੇ ਚੱਕਰ ਲਾਉਂਦੇ ਰਹੇ ਜਿਥੇ ਆਜ਼ਾਦ ਹਿੰਦ ਫੌਜ ਦੇ ਫੌਜੀਆਂ ਨੇ ਹਥਿਆਰ ਨਹੀਂ ਸਨ ਸੁੱਟੇ। ਇਸੇ ਫੇਰੀ ਦੌਰਾਨ ਇੱਕ ਵਾਰ ਨੇਤਾ ਜੀ ਮਟਕੀਲਾ ਵਿੱਚ ਦੁਸ਼ਮਣ ਦੇ ਘੇਰੇ ਵਿੱਚ ਫਸ ਗਏ। ਦੁਸ਼ਮਣ ਦੇ ਟੈਂਕ ਮਟਕੀਲਾ ਤੋਂ ਸਿਰਫ 10 ਮੀਲ ਦੂਰ ਰਹਿ ਗਏ ਸਨ ਤੇ ਕਿਸੇ ਵੀ ਸਮੇਂ ਮਟਕੀਲਾ ਤੇ ਕਬਜਾ ਹੋ ਸਕਦਾ ਸੀ। ਅਜਿਹੀ ਸਥਿਤੀ ਵਿੱਚ ਨੇਤਾ ਜੀ ਆਪਣੇ ਤਿੰਨ ਸਾਥੀਆਂ ਨਾਲ ਰੰਗੂਨ ਨੂੰ ਚੱਲ ਪਏ ਤੇ ਰਸਤੇ ਵਿੱਚ ਦੁਸ਼ਮਣ ਦੇ ਹਵਾਈ ਜਹਾਜ਼ਾਂ ਦੇ ਹਮਲੇ ਤੋਂ ਬਚਣ ਲਈ ਇੱਕ ਜੰਗਲ ਵਿੱਚ ਸ਼ਰਨ ਲੈਣੀ ਪਈ। ਨੇਤਾ ਜੀ ਦੁਸ਼ਮਣ ਦੇ ਹਵਾਈ ਹਮਲੇ ਤੋਂ ਬਚ ਕੇ ਪਿਨਮਾਨਾ ਪੁੱਜੇ। ਚਾਹੇ ਹਰ ਤਰਫ ਦੁਸ਼ਮਣ ਦੀ ਜਿੱਤ ਹੋ ਰਹੀ ਸੀ ਅਤੇ ਜਰਮਨ ਤੇ ਜਾਪਾਨੀ ਫੌਜਾਂ ਦੇ ਹੌਸਲੇ ਵੀ ਪਸਤ ਹੋ ਰਹੇ ਸਨ ਪਰ ਨੇਤਾ ਜੀ ਨੇ ਹੌਸਲਾ ਨਹੀਂ ਸੀ ਹਾਰਿਆ। ਪਿਨਮਾਨਾ ਪਹੁੰਚ ਕੇ ਉਹਨਾਂ ਨੇ ਆਜ਼ਾਦ ਹਿੰਦ ਫੌਜ ਦੀਆਂ ਉਹ ਟੁਕੜੀਆਂ ਜਿੰਨ੍ਹਾਂ ਨੇ ਹਥਿਆਰ ਨਹੀਂ ਸਨ ਸੁੱਟੇ ਨੂੰ ਇਕੱਠਾ ਕਰਕੇ ਇੱਕ ਹੋਰ ਬ੍ਰਿਗੇੜ ਤਿਆਰ ਕੀਤਾ। ਇਸ ਬ੍ਰਿਗੇੜ ਦਾ ਨਾਮ ਐਕਸ ਬ੍ਰਿਗੇੜ ਰੱਖਿਆ ਗਿਆ। ਇਸ ਬ੍ਰਿਗੇੜ ਨੇ ਫਿਰ ਤੋਂ ਆਖ਼ਿਰੀ ਦਮ ਤੱਕ ਦੁਸ਼ਮਣ ਨਾਲ ਲੜਨ ਮਰਨ ਦਾ ਪ੍ਰਣ ਕੀਤਾ।

ਅੰਤਰਰਾਸ਼ਟਰੀ ਹਾਲਾਤ ਪੂਰੀ ਤਰਾਂ ਅਮਰੀਕਾ ਤੇ ਬਰਤਾਨੀਆਂ ਦੇ ਹੱਕ ਵਿੱਚ ਹੋ ਗਏ ਸਨ। ਜਰਮਨ ਫੌਜਾਂ ਦੀ ਹਰ ਤਰਫ ਹਾਰ ਹੋ ਰਹੀ ਸੀ। ਹਿਟਲਰ ਨੇ ਆਤਮ ਹੱਤਿਆ ਕਰ ਲਈ ਸੀ ਤੇ ਜਰਮਨ ਫੌਜਾਂ ਨੇ ਹਥਿਆਰ ਸੁੱਟ ਦਿੱਤੇ ਸਨ। ਚਾਹੇ ਜਾਪਾਨੀ ਫੌਜਾਂ ਦੀ ਵੀ ਹਰ ਤਰਫ ਹਾਰ ਹੋ ਰਹੀ ਸੀ ਪਰ ਜਾਪਾਨੀ ਫੌਜਾਂ ਹਥਿਆਰ ਸੁੱਟਣ ਲਈ ਤਿਆਰ ਨਹੀਂ ਸਨ। ਆਖ਼ਿਰ ਅਮਰੀਕਾ ਨੇ 6 ਅਗਸਤ ਨੂੰ ਜਾਪਾਨ ਦੇ ਸ਼ਹਿਰ ਹੀਰੋਸ਼ੀਮਾ ਉਤੇ ਅਤੇ 9 ਅਗਸਤ ਨੂੰ ਨਾਗਾਸਾਕੀ ਉਤੇ ਐਟਮ ਬੰਬ ਸੁੱਟ ਦਿੱਤੇ। ਇਹ ਦੋਨੋ ਸ਼ਹਿਰ ਬਿਲਕੁਲ ਤਬਾਹ ਹੋ ਗਏ। ਇਸਤੋਂ ਬਾਅਦ ਜਾਪਾਨ ਸਰਕਾਰ ਨੇ ਹਥਿਆਰ ਸੁੱਟਣ ਦਾ ਫੈਸਲਾ ਕਰ ਲਿਆ। "ਜਾਪਾਨ ਦੇ ਹਾਰ ਮੰਨ ਲੈਣ ਦਾ ਬਕਾਇਦਾ ਐਲਾਨ 16 ਅਗਸਤ 1945 ਨੂੰ ਦੁਨੀਆਂ ਭਰ ਦੇ ਰੇਡੀਓ ਸਟੇਸ਼ਨਾਂ ਤੋਂ ਹੋ ਗਿਆ।"[17]

ਜਾਪਾਨ ਸਰਕਾਰ ਦੇ ਹਥਿਆਰ ਸੁਟਣ ਦੇ ਫੈਸਲੇ ਤੋਂ ਬਾਅਦ ਨੇਤਾ ਜੀ ਨੇ ਜਾਪਾਨੀਆਂ ਨਾਲ ਇਸ ਮੁਆਮਲੇ ਤੇ ਮਸ਼ਵਰਾ ਕਰਨਾ ਚਾਹਿਆ ਕਿ ਆਜ਼ਾਦ ਹਿੰਦ ਫੌਜ ਇੱਕ ਖੁਦਮੁਖ਼ਤਾਰ ਫੌਜ ਹੈ ਅਤੇ ਉਹ ਆਪਣਾ ਫੈਸਲਾ ਖੁਦ ਕਰੇਗੀ। ਨੇਤਾ ਜੀ ਨੇ ਮਲਾਇਆ ਵਿੱਚ ਆਜ਼ਾਦ ਹਿੰਦ ਫੌਜ ਦੀ ਕਮਾਨ ਜਨਰਲ ਕਿਆਨੀ ਨੂੰ ਸੌਂਪ ਦਿੱਤੀ। ਟੋਕੀਓ ਤੋਂ ਰਵਾਨਾ ਹੋਣ ਤੋਂ ਪਹਿਲਾਂ ਨੇਤਾ ਜੀ ਨੇ ਬੈਂਕਾਕ ਵਿੱਚ ਸਾਰੇ ਕੈਂਪਾਂ ਦਾ ਮੁਆਇਨਾ ਕਰਕੇ ਬਹਾਦਰ ਜੁਆਨਾਂ ਨੂੰ ਤਮਗੇ ਤੇ ਮਾਣ ਪੱਤਰ ਭੇਂਟ ਕੀਤੇ। ਜੁਆਨਾਂ ਵਿੱਚ ਆਪਣੇ ਜੋਸ਼ੀਲੇ ਭਾਸ਼ਣ ਰਾਹੀਂ ਜੋਸ਼ ਅਤੇ ਉਤਸ਼ਾਹ ਭਰਿਆ। ਉਹਨਾਂ ਵਿਚਲੀ ਨਿਰਾਸ਼ਤਾ ਨੂੰ ਦੂਰ ਕੀਤਾ। ਇਸੇ ਰਾਤ ਖਾਣੇ ਤੇ ਨੇਤਾ ਜੀ ਨੇ ਆਪਣੇ ਨਜ਼ਦੀਕੀ ਅਫਸਰਾਂ ਨੂੰ ਬਹੁਤ ਜਰੂਰੀ ਦਿਸ਼ਾ ਨਿਰਦੇਸ਼ ਜਾਰੀ ਕੀਤੇ। ਇਸ ਤੋਂ ਬਾਅਦ ਨੇਤਾ ਜੀ ਨੇ ਜਾਪਾਨੀ ਸਰਕਾਰ ਨਾਲ ਗੱਲਬਾਤ ਕਰਨ ਲਈ ਟੋਕੀਓ ਵੱਲ ਚਾਲੇ ਪਾ ਦਿੱਤੇ। ਉਹਨਾਂ ਦੇ ਨਜ਼ਦੀਕੀ ਅਫਸਰ ਉਹਨਾਂ ਦੇ ਨਾਲ ਸਨ। "ਜਦੋਂ ਉਹਨਾਂ ਦਾ ਹਵਾਈ ਜਹਾਜ ਟੋਕੀਓ ਜਾਣ ਲਈ ਫਾਰਮੂਲਾ ਦੇ ਹਵਾਈ ਅੱਡੇ ਤੋਂ ਉਡਿਆ ਤਾਂ ਕੋਈ ਚੀਜ਼ ਜਹਾਜ ਨਾਲ ਟਕਰਾਈ। ਇਸ ਨਾਲ ਜੋਰ ਦਾ ਧਮਾਕਾ ਹੋਇਆ ਤੇ ਹਵਾਈ ਜਹਾਜ, ਹਵਾਈ ਅੱਡੇ ਦੇ ਨਾਲ ਲਗਦੀ ਪਹਾੜੀ ਨਾਲ ਟਕਰਾ ਗਿਆ ਅਤੇ ਉਸ ਨੂੰ ਅੱਗ ਲੱਗ ਗਈ।"[18]

ਇਸ ਹਾਦਸੇ ਵਿੱਚ ਸਾਰਿਆਂ ਦੇ ਹਰਮਨ ਪਿਆਰੇ ਨੇਤਾ ਸੁਭਾਸ਼ ਚੰਦਰ ਬੋਸ ਜੀ ਦਾ ਦੇਹਾਂਤ ਹੋ ਗਿਆ। ਆਜ਼ਾਦ ਹਿੰਦ ਫੌਜ ਅਤੇ ਸਾਰੇ ਦੇਸ਼ ਲਈ ਇਹ ਇੱਕ ਬਹੁਤ ਮੰਦਭਾਗਾ ਦਿਨ ਸੀ। ਉਹ ਕੇਵਲ ਆਜ਼ਾਦ ਹਿੰਦ ਫੌਜ ਦੇ ਹੀ ਨਹੀਂ ਬਲਕਿ ਦੇਸ਼ ਦੇ ਵੀ ਬਹੁਤ ਵੱਡੇ ਨੇਤਾ ਸਨ। ਉਹਨਾਂ ਦੀ ਮੌਤ ਤੋਂ ਬਾਅਦ ਆਜ਼ਾਦ ਹਿੰਦ ਫੌਜ ਦਾ ਯੁੱਧ ਜਾਰੀ ਰੱਖਣਾ ਸੰਭਵ ਨਹੀਂ ਸੀ। ਇਸ ਵੇਲੇ ਆਜ਼ਾਦ ਹਿੰਦ ਫੌਜ ਦੀ ਵਾਗਡੋਰ ਜਨਰਲ ਕਿਆਨੀ ਤੇ ਜਨਰਲ ਭੋਸਲੇ ਕੋਲ ਸੀ। ''ਜਦੋਂ ਅੰਗਰੇਜ਼ੀ ਫੌਜਾਂ ਸਿੰਘਾਪੁਰ ਤੋਂ ਬੈਂਕਾਕ ਵਿੱਚ ਪੁੱਜੀਆਂ ਤਾਂ ਇਹਨਾਂ ਥਾਵਾਂ ਉਤੇ ਆਜ਼ਾਦ ਹਿੰਦ ਫੌਜ ਨੇ ਜਨਰਲ ਕਿਆਨੀ ਤੇ ਜਨਰਲ ਭੋਸਲੇ ਦੀ ਕਮਾਨ ਹੇਠ ਇੱਕ ਖੁਦਮੁਖ਼ਤਾਰ ਫੌਜ ਦੇ ਤੌਰ ਉਤੇ ਅੰਗਰੇਜ਼ੀ ਫੌਜਾਂ ਅੱਗੇ ਹਥਿਆਰ ਸੁੱਟੇ।''[19]

ਆਜ਼ਾਦ ਹਿੰਦ ਫੌਜ ਦੀ ਲੜਾਈ ਏਥੇ ਹੀ ਖਤਮ ਨਹੀਂ ਹੋਈ। ਇਸਤੋਂ ਬਾਅਦ ਆਜ਼ਾਦ ਹਿੰਦ ਫੌਜ ਦੇ ਅਫਸਰਾਂ ਅਤੇ ਪੂਰੀ ਫੌਜ ਉਤੇ ਮੁਕੱਦਮੇ ਚਲਾਏ ਗਏ। ਇਹਨਾਂ ਮੁਕੱਦਮਿਆਂ ਸਮੇਂ ਇਹ ਤੱਥ ਉਭਰ ਕੇ ਸਾਹਮਣੇ ਆਇਆ ਕਿ ਦੇਸ਼ ਵਾਸੀਆਂ ਵਿੱਚ ਆਜ਼ਾਦ ਹਿੰਦ ਫੌਜ ਦੇ ਫੌਜੀਆਂ ਪ੍ਰਤੀ ਕਿੰਨੀ ਜਾਗਰੂਕਤਾ ਅਤੇ ਕਿੰਨਾ ਸਨੇਹ ਸੀ। ਇਹਨਾਂ ਮੁਕੱਦਮਿਆਂ ਦੀ ਪੈਰਵਾਈ ਕਰਨ ਲਈ ਦੇਸ਼ ਦੇ ਸਾਰੇ ਹੀ ਵੱਡੇ-ਵੱਡੇ ਵਕੀਲ ਮੈਦਾਨ ਵਿੱਚ ਉਤਰ ਆਏ। ਉਹਨਾਂ ਨੇ ਇਹ ਸਾਬਿਤ ਕਰਨ ਦੀ ਪੂਰੀ ਕੋਸ਼ਿਸ਼ ਕੀਤੀ ਕਿ ਆਜ਼ਾਦ ਹਿੰਦ ਫੌਜ ਨੂੰ ਗੁਲਾਮੀ ਵਿਰੁੱਧ ਲੜਨ ਦਾ ਪੂਰਾ ਹੱਕ ਸੀ। ਆਜ਼ਾਦ ਹਿੰਦ ਫੌਜ ਦੇ ਅਫਸਰਾਂ ਦੇ ਹੱਕ ਵਿੱਚ ਸਰ ਤੇਜ ਬਹਾਦਰ ਸਪਰੂ, ਲਾਹੌਰ ਹਾਈ ਕੋਰਟ ਦੇ ਸਾਬਕਾ ਜੱਜ ਕੰਵਰ ਦਲੀਪ ਸਿੰਘ, ਪਟਨਾ ਹਾਈ ਕੋਰਟ ਦੇ ਸਾਬਕਾ ਜੱਜ ਸ੍ਰੀ ਪੀ.ਕੇ. ਸੇਨ, ਡਾ. ਕੈਲਾਸ਼ ਨਾਥ ਕਾਟਜੂ ਅਤੇ ਬੰਬਈ ਤੋਂ ਸ੍ਰੀ ਭੋਲਾ ਭਾਈ ਡਿਸਾਈ ਆਦਿ ਵੱਡੇ-ਵੱਡੇ ਵਕੀਲ ਤੇ ਜੱਜ ਉਤਰ ਆਏ। ਸਹੀ ਮਾਇਨਿਆਂ ਵਿੱਚ ਆਜ਼ਾਦ ਹਿੰਦ ਫੌਜ ਦੇ ਹੱਕ ਵਿੱਚ ਪੂਰਾ ਦੇਸ਼ ਉਤਰ ਆਇਆ ਸੀ। ''19 ਅਗਸਤ 1945 ਨੂੰ ਆਜ਼ਾਦ ਹਿੰਦ ਫੌਜ ਦੇ ਹੱਕ ਵਿੱਚ ਪੰਡਿਤ ਜਵਾਹਰ ਲਾਲ ਨਹਿਰੂ ਨੇ ਅਵਾਜ ਉਠਾਈ ਕਿ ਇਹਨਾਂ ਨੇ ਜੋ ਕੁਝ ਕੀਤਾ ਦੇਸ਼ ਭਗਤੀ ਲਈ ਕੀਤਾ, ਇਹਨਾਂ ਨੂੰ ਸਜਾ ਦੇਣਾ ਸਾਰੇ ਹਿੰਦੁਸਤਾਨ ਨੂੰ ਸਜਾ ਦੇਣ ਦੇ ਬਰਾਬਰ ਹੈ।''[20]

ਪਹਿਲਾ ਮੁਕੱਦਮਾ ਆਜ਼ਾਦ ਹਿੰਦ ਫੌਜ ਦੇ ਤਿੰਨ ਅਫਸਰਾਂ ਜਨਰਲ ਸ਼ਾਹ ਨਵਾਜ, ਕਰਨਲ ਸਹਿਗਲ ਅਤੇ ਕਰਨਲ ਢਿੱਲੋਂ ਖਿਲਾਫ ਸੀ, ਪਰੰਤੂ ਸਹੀ ਮਾਇਨਿਆਂ ਵਿੱਚ ਇਹ ਮੁਕੱਦਮਾ ਇੱਕ ਸੰਗਠਿਤ ਫੌਜ ਦੇ ਵਿਰੁੱਧ ਸੀ। ਜਿਸਨੇ ਆਪਣੇ ਗੁਲਾਮ ਦੇਸ਼ ਨੂੰ ਆਜ਼ਾਦ ਕਰਾਉਣ ਲਈ ਹਥਿਆਰਬੰਦ ਸੰਘਰਸ਼ ਦਾ ਰਾਹ ਚੁਣਿਆ ਸੀ। ਸ੍ਰੀ ਭੋਲਾਨਾਥ ਡਿਸਾਈ ਨੇ ਅਦਾਲਤ ਵਿੱਚ ਦਲੀਲਾਂ ਦਿੰਦੇ ਹੋਏ ਕਿਹਾ ਕਿ ਆਜ਼ਾਦ ਹਿੰਦ ਫੌਜ ਦਾ ਗਠਨ ਹਿੰਦੁਸਤਾਨ ਨੂੰ ਆਜ਼ਾਦ ਕਰਵਾਉਣ ਅਤੇ ਦੱਖਣੀ ਪੂਰਬੀ ਏਸ਼ੀਆ ਵਿੱਚ ਹਿੰਦੁਸਤਾਨੀਆਂ ਦੀ ਜਾਨ-ਮਾਲ ਦੀ ਰੱਖਿਆ ਲਈ ਹੋਇਆ ਸੀ ਅਤੇ ਆਜ਼ਾਦ ਹਿੰਦ ਫੌਜ ਦੀ ਆਪਣੀ ਆਰਜੀ ਹਕੂਮਤ ਸੀ। ਇਸ ਫੌਜ ਦਾ ਆਪਣਾ ਐਕਟ ਸੀ ਜੋ ਕਿ ਇੰਡੀਅਨ ਆਰਮੀ ਐਕਟ ਦੀਆਂ ਧਾਰਾਵਾਂ ਤੇ ਅਧਾਰਿਤ ਸੀ ਤੇ ਜੇ ਕਾਨੂੰਨ ਆਜ਼ਾਦ ਹਿੰਦ ਫੌਜ ਦੇ ਐਕਟ ਦੀ ਨਿਖੇਧੀ ਕਰਦਾ ਹੈ ਤਾਂ ਇਹ ਇੰਡੀਅਨ ਆਰਮੀ ਐਕਟ ਦੀ ਨਿਖੇਧੀ ਕਰਦਾ ਹੈ। ਉਹਨਾਂ ਅਨੁਸਾਰ ਕਿਸੇ ਵੀ ਸਰਕਾਰ ਨੂੰ ਆਪਣੇ ਦੇਸ਼ ਦੀ ਆਜ਼ਾਦੀ ਲਈ ਲੜਨ ਦਾ ਪੂਰਾ ਅਧਿਕਾਰ ਹੁੰਦਾ ਹੈ। ਇਸ ਤਰ੍ਹਾਂ ਆਜ਼ਾਦ ਹਿੰਦ ਫੌਜ ਦੇ ਅਧਿਕਾਰੀਆਂ ਨੂੰ ਸਜਾ ਦੇਣਾ ਪੂਰੇ ਦੇਸ਼ ਦੀ ਬੇ-ਇਜਤੀ ਕਰਨਾ ਸੀ। ਲੰਮੇ ਸਮੇਂ ਤੋਂ ਬਾਅਦ ਇਹ ਪਹਿਲਾ ਮੌਕਾ ਸੀ ਜਦੋਂ ਸਾਰਾ ਹਿੰਦੁਸਤਾਨ ਇਕਜੁਟ ਹੋਇਆ ਵਿਖਾਈ ਦੇ ਰਿਹਾ ਸੀ। ਪਰੰਤੂ ਹਿੰਦੁਸਤਾਨੀਆਂ ਦੁਆਰਾ ਇਹਨਾਂ ਅਫਸਰਾਂ ਤੇ ਚਲਦੇ ਮੁਕੱਦਮੇ ਦੇ ਵਿਰੋਧ ਦਾ ਇਹਨਾਂ ਜੱਜਾਂ ਤੇ ਕੋਈ ਅਸਰ ਨਾ ਹੋਇਆ। ''3 ਜਨਵਰੀ 1946 ਨੂੰ ਫੌਜੀ ਅਦਾਲਤ ਇਸ ਨਤੀਜੇ ਤੇ ਪਹੁੰਚੀ ਕਿ ਇਹ ਤਿੰਨੇ ਅਫਸਰ ਸ਼ਾਹ ਸ਼ਹਿਨਸ਼ਾਹ ਦੇ ਵਿਰੁੱਧ ਜੰਗ ਕਰਨ ਦੇ ਦੋਸ਼ੀ ਸਨ ਅਤੇ ਇਹਨਾਂ ਨੂੰ ਇਹ ਸਜਾ ਸੁਣਾਈ ਗਈ ਕਿ ਇਹਨਾਂ ਦੇ ਨਾਂਵੇ ਕੱਟ ਕੇ ਇਹਨਾਂ ਦੀਆਂ ਤਨਖਾਹਾਂ ਤੇ ਭੱਤਿਆਂ ਦੇ ਸਾਰੇ ਬਕਾਏ ਜਬਤ ਕਰ ਲਏ ਜਾਣ ਅਤੇ ਇਹਨਾਂ ਨੂੰ ਉਮਰ ਕੈਦ ਕੀਤੀ ਜਾਵੇ।''[21]

ਇਸ ਫੈਸਲੇ ਦਾ ਪੂਰੇ ਦੇਸ਼ ਵਿੱਚ ਵਿਰੋਧ ਹੋਇਆ। ਹੜਤਾਲਾਂ ਹੋ ਗਈਆਂ ਅਤੇ ਲੋਕ ਸੜਕਾਂ ਤੇ ਉਤਰ ਆਏ। ਵਿਦਿਆਰਥੀਆਂ ਨੇ ਵਿਦਰੋਹ ਸ਼ੁਰੂ ਕਰ ਦਿੱਤਾ। ਪੂਰੇ ਦੇਸ਼ ਵੱਲੋਂ ਇਕਜੁਟ ਹੋ ਕੇ ਕੀਤਾ ਵਿਰੋਧ ਰੰਗ ਲਿਆਇਆ। ''ਹਿੰਦੁਸਤਾਨ ਦੇ ਕਮਾਂਡਰ-ਇਨ-ਚੀਫ ਸਰ ਔਕਿਨਲੇਕ ਨੇ ਤਿੰਨਾਂ ਦੋਸ਼ੀਆਂ ਦੀ ਉਮਰ ਕੈਦ ਦੀ ਸਜਾ ਮੁਆਫ ਕਰ ਦਿੱਤੀ।''[22] ਇਸ ਤਰ੍ਹਾਂ ਆਜ਼ਾਦ ਹਿੰਦ ਫੌਜ ਨੇ ਆਪਣੀ ਆਰਜੀ ਹਕੂਮਤ ਕਾਇਮ ਕਰਕੇ ਭਾਰਤ ਨੂੰ ਆਜ਼ਾਦ ਕਰਵਾਉਣ ਦਾ ਜੋ ਸੁਪਨਾ ਵੇਖਿਆ ਸੀ ਚਾਹੇ ਉਹ ਇਸ ਨੂੰ ਪੂਰਾ ਨਾ ਕਰ ਸਕੇ ਪਰੰਤੂ ਕਿਤੇ ਨਾ ਕਿਤੇ ਆਜ਼ਾਦੀ ਦੇ ਸਮੇਂ ਨੂੰ ਹੋਰ ਨੇੜੇ ਕਰ ਦਿੱਤਾ। ਉਹਨਾਂ ਨੇ ਦੇਸ਼ ਵਾਸੀਆਂ ਨੂੰ ਤੇ ਬਰਤਾਨਵੀ ਹਕੂਮਤ ਨੂੰ ਆਪਣੀ ਹੋਂਦ ਤੇ ਆਪਣੇ ਇਰਾਦਿਆਂ ਦਾ ਅਹਿਸਾਸ ਕਰਵਾ ਦਿੱਤਾ। ਆਜ਼ਾਦ ਹਿੰਦ ਫੌਜ ਦੇ ਅਫਸਰਾਂ ਤੇ ਚੱਲੇ ਮੁਕੱਦਮਿਆਂ ਵਿੱਚ ਦੇਸ਼ ਦੇ ਸਾਰੇ ਹੀ ਉਘੇ ਵਕੀਲਾਂ ਦੇ ਸਹਿਯੋਗ ਨੇ ਅਤੇ ਇਹਨਾਂ ਨੂੰ ਸਜਾ ਸੁਣਾਏ ਜਾਣ ਤੋਂ ਬਾਅਦ ਦੇਸ਼ ਵਾਸੀਆਂ ਦੇ ਪ੍ਰਤੀਕਰਮ ਨੇ ਆਜ਼ਾਦ ਹਿੰਦ ਫੌਜ ਦੀ ਅਹਿਮੀਅਤ ਦਾ ਸਬੂਤ ਦਿੱਤਾ। ਇਹ ਅਸਲ ਵਿੱਚ ਆਜ਼ਾਦ ਹਿੰਦ ਫੌਜ ਦੀ ਜਿੱਤ ਸੀ ਕਿਉਂਕਿ ਇਸਤੋਂ ਇਹ ਪਤਾ ਲੱਗਿਆ ਕਿ ਆਜ਼ਾਦ ਹਿੰਦ ਫੌਜ ਦਾ ਭਾਰਤੀਆਂ ਦੇ ਦਿਲਾਂ ਵਿੱਚ ਕੀ ਰੁਤਬਾ ਸੀ।

ਆਜ਼ਾਦ ਹਿੰਦ ਫੌਜ ਚਾਹੇ ਭਾਰਤ ਨੂੰ ਆਜ਼ਾਦ ਕਰਵਾਉਣ ਦੇ ਸੁਪਨੇ ਨੂੰ ਪੂਰਾ ਨਾ ਕਰ ਸਕੀ ਪਰ ਆਜ਼ਾਦ ਹਿੰਦ ਫੌਜ ਦੇ ਫੌਜੀਆਂ ਦੀ ਬਹਾਦਰੀ ਤੇ ਕੁਰਬਾਨੀ ਦਾ ਪੂਰੇ ਦੇਸ਼ ਤੇ ਐਨਾ ਅਸਰ ਸੀ ਕਿ ਉਹਨਾਂ ਤੇ ਚੱਲੇ ਮੁਕੱਦਮਿਆਂ ਸਮੇਂ ਪੂਰੇ ਦੇਸ਼ ਨੇ ਉਹਨਾਂ ਦਾ ਸਾਥ ਦਿੱਤਾ। ਆਜ਼ਾਦ ਹਿੰਦ ਫੌਜ ਦੇ ਫੌਜੀਆਂ ਨੇ ਗੌਰਵਤਾ ਨਾਲ ਬਰਤਾਨਵੀ ਹਕੂਮਤ ਵਿਰੁੱਧ ਲੜਾਈ ਲੜੀ ਤੇ ਉਹਨਾਂ ਦਾ ਸੰਘਰਸ਼ ਭਾਰਤ ਦੀ ਆਜ਼ਾਦੀ ਦੇ ਰਸਤੇ ਵਿੱਚ ਇੱਕ ਮੀਲ ਪੱਥਰ ਸਾਬਿਤ ਹੋਇਆ ਜਿਸਨੇ ਇਤਿਹਾਸ ਦੇ ਪੰਨਿਆਂ ਤੇ ਆਜ਼ਾਦ ਹਿੰਦ ਫੌਜ ਦਾ ਨਾਮ ਅਮਰ ਕਰ ਦਿੱਤਾ।

## References


1. ਅਜੀਤ ਸੈਣੀ, ਆਜ਼ਾਦ ਹਿੰਦ ਫੌਜ ਦਾ ਇਤਿਹਾਸ, ਪੰਨਾ 5
2. ਉਹੀ, ਪੰਨਾ 5
3. ਐਸ.ਏ. ਅਈਅਰ, ਆਜ਼ਾਦ ਹਿੰਦ ਫੌਜ ਦੀ ਵਾਰਤਾ (ਅਨੁ:) ਅਮਰ ਸਿੰਘ, ਪੰਨਾ 34
4. ਉਹੀ, ਪੰਨਾ 40
5. ਅਜੀਤ ਸੈਣੀ, ਆਜ਼ਾਦ ਹਿੰਦ ਫੌਜ ਦਾ ਇਤਿਹਾਸ, ਪੰਨਾ 11
6. ਨਾਹਰ ਸਿੰਘ, ਆਜ਼ਾਦੀ ਦੀਆਂ ਲਹਿਰਾਂ (1907 ਤੋਂ 1960 ਤੱਕ), ਪੰਨਾ 363
7. ਅਜੀਤ ਸੈਣੀ, ਆਜ਼ਾਦ ਹਿੰਦ ਫੌਜ ਦਾ ਇਤਿਹਾਸ, ਪੰਨਾ 15
8. ਐਸ.ਏ. ਅਈਅਰ, ਆਜ਼ਾਦ ਹਿੰਦ ਫੌਜ ਦੀ ਵਾਰਤਾ (ਅਨੁ:) ਅਮਰ ਸਿੰਘ, ਪੰਨਾ 47
9. ਅਜੀਤ ਸੈਣੀ, ਆਜ਼ਾਦ ਹਿੰਦ ਫੌਜ ਦਾ ਇਤਿਹਾਸ, ਪੰਨਾ 81
10. ਉਹੀ, ਪੰਨਾ 24
11. ਉਹੀ, ਪੰਨਾ 29
12. ਉਹੀ, ਪੰਨਾ 29
13. ਉਹੀ, ਪੰਨਾ 54
14. ਉਹੀ, ਪੰਨਾ 57
15. ਐਸ.ਏ. ਅਈਅਰ, ਆਜ਼ਾਦ ਹਿੰਦ ਫੌਜ ਦੀ ਵਾਰਤਾ (ਅਨੁ:) ਅਮਰ ਸਿੰਘ, ਪੰਨਾ 64
16. ਅਜੀਤ ਸੈਣੀ, ਆਜ਼ਾਦ ਹਿੰਦ ਫੌਜ ਦਾ ਇਤਿਹਾਸ, ਪੰਨਾ 62
17. ਐਸ.ਏ. ਅਈਅਰ, ਆਜ਼ਾਦ ਹਿੰਦ ਫੌਜ ਦੀ ਵਾਰਤਾ (ਅਨੁ:) ਅਮਰ ਸਿੰਘ, ਪੰਨਾ 85
18. ਅਜੀਤ ਸੈਣੀ, ਆਜ਼ਾਦ ਹਿੰਦ ਫੌਜ ਦਾ ਇਤਿਹਾਸ, ਪੰਨਾ 81
19. ਉਹੀ, ਪੰਨਾ 81
20. ਨਾਹਰ ਸਿੰਘ, ਆਜ਼ਾਦੀ ਦੀਆਂ ਲਹਿਰਾਂ (1907 ਤੋਂ 1960 ਤੱਕ), ਪੰਨਾ 375
21. ਐਸ.ਏ. ਅਈਅਰ, ਆਜ਼ਾਦ ਹਿੰਦ ਫੌਜ ਦੀ ਵਾਰਤਾ (ਅਨੁ:) ਅਮਰ ਸਿੰਘ, ਪੰਨਾ 34
22. ਅਜੀਤ ਸੈਣੀ, ਆਜ਼ਾਦ ਹਿੰਦ ਫੌਜ ਦਾ ਇਤਿਹਾਸ, ਪੰਨਾ 93